Fair Advice Financial
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 210 | Thursday, November 03, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਰਿਸ਼ੀ ਸੁਨਕ ਨੇ ਯੂਕੇ ਦੇ ਪੀਐਮ ਬਣਨ ਤੋਂ ਬਾਅਦ ਲਿਆ ਵੱਡਾ ਯੂ-ਟਰਨ



ਲੰਡਨ, 02 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਬੁੱਧਵਾਰ ਨੂੰ ਐਲਾਨ ਕੀਤਾ ਹੈ ਕਿ ਉਹ ਮਿਸਰ 'ਚ ਹੋਣ ਵਾਲੀ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ 'ਚ ਸ਼ਾਮਲ ਹੋਣਗੇ। ਰਿਸ਼ੀ ਸੁਨਕ ਦੀ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਇਸ ਗਲੋਬਲ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਲਈ ਆਲੋਚਨਾ ਕੀਤੀ ਗਈ ਸੀ। ਸੁਨਕ ਨੇ ਕਿਹਾ ਸੀ ਕਿ ਦੇਸ਼ ਦੇ ਆਰਥਿਕ ਸੰਕਟ ਨੂੰ ਦੇਖਦੇ ਹੋਏ ਉਨ੍ਹਾਂ ਕੋਲ ਵੱਡੀਆਂ ਘਰੇਲੂ ਵਚਨਬੱਧਤਾਵਾਂ ਹਨ ਅਤੇ ਇਸ ਕਾਰਨ ਉਹ ਲਾਲ ਸਾਗਰ ਦੇ ਕੰਢੇ ਸ਼ਰਮ-ਅਲ-ਸ਼ੇਖ ਰਿਜ਼ਾਰਟ 'ਚ ਹੋਣ ਵਾਲੇ ਸੀਓਪੀ 27 'ਚ ਸ਼ਾਮਲ ਨਹੀਂ ਹੋ ਸਕਣਗੇ। ਪਰ ਉਨ੍ਹਾਂ ਦੇ ਇਸ ਫੈਸਲੇ ਕਾਰਨ ਰਿਸ਼ੀ ਸੁਨਕ ਦੀ ਵਾਤਾਵਰਨ ਪ੍ਰਤੀ ਦਿਲਚਸਪੀ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਸਨ। ਆਲੋਚਕਾਂ ਨੇ ਕਿਹਾ ਕਿ

...ਬਾਕੀ ਸਫਾ 2 'ਤੇ

## ਨਿਊਜਰਸੀ ਵਿਚ ਦੋ ਪੁਲਿਸ ਅਫਸਰਾਂ ਨੂੰ ਮਾਰੀ ਗੋਲੀ, ਹਾਲਤ ਸਥਿਰ



ਸੈਕਰਾਮੈਂਟੋ, 02 ਨਵੰਬਰ (ਹੁਸਨ ਲੜੋਆ ਬੰਗਾ)-ਨੇਵਾਰਕ (ਨਿਊਜਰਸੀ) ਵਿਚ ਇਕ ਵਿਅਕਤੀ ਨੇ ਅਚਨਚੇਤ ਗੋਲੀਆਂ ਚਲਾ ਕੇ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਦਿੱਤਾ। ਇਕ ਪੁਲਿਸ ਅਫਸਰ ਦੀ ਲੱਤ ਵਿਚ ਗੋਲੀ ਵੱਜੀ ਹੈ ਜਦ ਕਿ ਦੂਸਰੇ ਪੁਲਿਸ ਅਫਸਰ ਦੇ ਗਰਦਨ ਨੇੜੇ ਮੋਢੇ ਵਿਚ ਗੋਲੀ ਵੱਜੀ ਹੈ। ਦੋਨਾਂ ਪੁਲਿਸ ਅਫਸਰਾਂ ਦੀ ਹਾਲਤ ਸਥਿੱਰ ਹੈ। ਇਹ ਜਾਣਕਾਰੀ ਨੇਵਾਰਕ ਦੇ ਮੇਅਰ ਰਸ ਬਰਾਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ ਹੈ। ਉਨਾਂ ਕਿਹਾ ਹੈ ਕਿ ਜਿਸ ਇਮਾਰਤ ਵਿਚੋਂ ਗੋਲੀ ਚੱਲੀ ਹੈ ਉਹ ਖਾਲੀ ਕਰਵਾ ਲਈ ਗਈ ਹੈ ਪਰੰਤੂ ਅਜੇ ਤੱਕ ਸ਼ੱਕੀ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਉਨਾਂ ਕਿਹਾ ਕਿ ਪੁਲਿਸ ਅਫਸਰਾਂ ਤੇ ਹਮਲਾਵਰ ਵਿਚਾਲੇ ਮਾਮੂਲੀ ਤਕਰਾਰ ਹੋਈ ਜਿਸ ਉਪਰੰਤ ਹਮਲਾਵਰ ਨੇ ਆਪਣੀ ਗੰਨ ਕੱਢ ਲਈ ਤੇ ਗੋਲੀ ਚਲਾ ਦਿੱਤੀ। ਪੁਲਿਸ ਅਫਸਰਾਂ ਨੇ ਵੀ ਮੋੜਵਾਂ ਜਵਾਬ ਦਿੱਤਾ ਪਰੰਤੂ ਸ਼ੱਕੀ ਫਰਾਰ ਹੋਣ ਵਿਚ ਸਫਲ ਹੋ ਗਿਆ। ਉਨਾਂ ਕਿਹਾ ਕਿ ਸ਼ੱਕੀ ਨੂੰ ਛੇਤੀ ਫੜ ਲਿਆ ਜਾਵੇਗਾ। ਇਸ ਮਾਮਲੇ ਦੀ ਜਾਂਚ ਵਿਚ ਐਫ ਬੀ ਆਈ ਵੀ ਸਹਾਇਤਾ ਕਰ ਰਹੀ ਹੈ।

## ਅਮਰੀਕਾ ਦੇ ਕੈਨਸਸ ਸ਼ਹਿਰ ਵਿਚ ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ, ਇਕ ਮੌਤ 6 ਹੋਰ ਜ਼ਖਮੀ



ਸੈਕਰਾਮੈਂਟੋ, 02 ਨਵੰਬਰ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਕੈਨਸਸ ਰਾਜ ਦੇ ਵੱਡੇ ਸ਼ਹਿਰ ਕੈਨਸਸ ਵਿਚ ਇਕ ਹੈਲੋਵੀਨ ਹਾਊਸ ਪਾਰਟੀ ਵਿਚ ਆਏ ਬਿਨਾਂ ਬੁਲਾਏ ਕੁਝ ਲੋਕਾਂ ਦੇ ਸਮੂਹ ਨੇ ਗੋਲੀਆਂ ਚਲਾ ਕੇ ਇਕ 17 ਸਾਲਾ ਨਬਾਲਗ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬਿਨਾਂ ਬੁਲਾਏ ਬਾਹਰੋਂ ਆਏ ਲੋਕਾਂ ਨੂੰ ਪਾਰਟੀ ਵਿਚੋਂ ਚਲੇ ਜਾਣ ਲਈ ਕਿਹਾ ਗਿਆ ਪਰੰਤੂ ਉਨਾਂ ਨੇ ਇਸ ਦਾ ਜਵਾਬ ਗੋਲੀਆਂ ਚਲਾ ਕੇ ਦਿੱਤਾ। ਹਾਲਾਂ ਕਿ ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਪਰੰਤੂ ਪੁਲਿਸ ਇਸ ਨੂੰ ਸ਼ੱਕੀ ਹਮਲਾਵਰ ਵਜੋਂ ਨਹੀਂ ਵੇਖ ਰਹੀ। ਪੁਲਿਸ ਨੇ ਮੌਕੇ ਤੋਂ ਇਕ ਵਾਹਣ ਵੀ ਕਬਜੇ ਵਿਚ ਲਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਇਸ ਵਾਹਣ ਵਿਚ ਆਏ ਸਨ। ਕੈਨਸਸ ਸ਼ਹਿਰ ਦੇ ਪੁਲਿਸ ਮੁੱਖੀ ਕਾਰਲ ਓਕਮੈਨ ਨੇ ਕਿਹਾ ਹੈ ਕਿ ਪਾਰਟੀ ਵਿਚ 70 ਤੋਂ 100 ਤੱਕ ਨਬਾਲਗ ਸ਼ਾਮਿਲ ਸਨ ਜਦੋਂ ਕੁਝ ਲੋਕ ਜਬਰਦਸਤੀ ਪਾਰਟੀ ਵਿਚ ਸ਼ਾਮਿਲ ਹੋ ਗਏ ਜਿਨਾਂ ਨੇ ਮਖੌਟੇ ਪਾਏ ਹੋਏ ਸਨ। ਜਾਣ ਲੱਗਿਆਂ ਉਨਾਂ ਵਿਚੋਂ 4 ਤੋਂ 6 ਜਣਿਆਂ ਨੇ ਗੋਲੀਆਂ ਚਲਾਈਆਂ। ਪੁਲਿਸ ਦੋਸ਼ੀਆਂ ਦੀ ਭਾਲ ਵਿਚ ਜੁੱਟ ਗਈ ਹੈ ਜਿਨਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

## ਪ੍ਰਦੂਸ਼ਣ ਦੇ ਮੁੱਦੇ ਉਤੇ ਸਿਆਸਤ ਨਾਲ ਭਾਜਪਾ ਦਾ ਪੰਜਾਬ ਤੇ ਕਿਸਾਨ ਵਿਰੋਧੀ ਰੁਖ਼ ਸਾਹਮਣੇ ਆਇਆ: ਮੁੱਖ ਮੰਤਰੀ

***ਸੂਬੇ ਦੇ ਮਿਹਨਤੀ ਤੇ ਅਗਾਂਹਵਧੂ ਕਿਸਾਨਾਂ ਨੂੰ ਬਦਨਾਮ ਕਰਨ ਲਈ ਮੁਹਿੰਮ ਵਿੱਢਣ ਉਤੇ ਭਾਜਪਾ ਤੇ ਕੇਂਦਰ ਸਰਕਾਰ ਦੀ ਕੀਤੀ ਆਲੋਚਨਾ**



ਚੰਡੀਗੜ੍ਹ, 02 ਨਵੰਬਰ (ਪੋਸਟ ਬਿਊਰੋ)- ਪਰਾਲੀ ਫੂਕਣ ਦੇ ਮੁੱਦੇ ਉਤੇ ਸਿਆਸਤ ਕਰਨ ਖਾਤਰ ਰਸਾਤਲ ਦੀਆਂ ਨਵੀਆਂ ਸਿਖ਼ਰਾਂ ਛੂਹਣ ਉਤੇ ਭਾਜਪਾ ਦੀ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਭਗਵਾ ਪਾਰਟੀ ਸੂਬੇ ਦੇ ਕਿਸਾਨਾਂ ਨਾਲ ਇਸ ਗੱਲੋਂ ਨਫਰਤ ਕਰਦੀ ਹੈ ਕਿਉਂਕਿ ਉਨਾਂ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਬਗਾਵਤ ਦਾ ਝੰਡਾ ਚੁੱਕਿਆ ਸੀ।

ਇਥੇ ਜਾਰੀ ਇਕ ਵੀਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦੇ ਜ਼ਿਆਦਾ ਪ੍ਰਦੂਸ਼ਿਤ 32 ਸ਼ਹਿਰਾਂ ਦੇ ਹਵਾ ਦੇ ਗੁਣਵਤਾ ਸੂਚਕ ਅੰਕ (ਏ.ਕਿਊ.ਆਈ.) ਵਿੱਚ ਪੰਜਾਬ ਦੇ ਸਿਰਫ

...ਬਾਕੀ ਸਫਾ 2 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
5781 Highway 7 Unit 10, Vaughan, ON L4L 1T8, (416)-477-5556
416-551-5553
WWW.OURRHOMEAPPLIANCES.COM

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats - Spiders & Fleas - Bedbugs - Wasps
Cockroaches - Carpenter Ants - Silver Fish - Racoons
Call : PARESH PATEL
416 938 4598

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਮੋਰਬੀ ਪੁਲ ਦੇ ਟੁੱਟਣ ਦਾ ਮਰਨ ਮੁੱਦਾ,
ਰਾਜਨੀਤੀ ਦਾ ਬਣ ਗਿਆ ਬਾਲ ਮੀਆਂ।
ਵਿਰੋਧੀ ਧਿਰਾਂ ਵੀ ਕੋਈ ਨਾ ਕਸਰ ਛੱਡੀ,
ਚੁਣ-ਚੁਣ ਚੁੱਕਿਆ ਹਰ ਸਵਾਲ ਮੀਆਂ।
ਹਾਕਮ ਪਾਰਟੀ ਸਿੱਧੀ ਨਾ ਗੱਲ ਕਰਦੀ,
ਖੱਬੇ-ਸੱਜੇ ਨੂੰ ਦੇਂਦੀ ਉਹ ਟਾਲ ਮੀਆਂ।
ਜਿਹੜੇ ਘਰਾਂ ਦੇ ਜੀਅ ਬੇ-ਮੌਤ ਮਰ'ਗੇ,
ਜਾਣਦੇ ਉਨ੍ਹਾਂ ਦਾ ਉਹੀ ਨੇ ਹਾਲ ਮੀਆਂ।
ਹੋਊਗੀ ਜਾਂਚ, ਫਿਰ ਦੱਬਿਆ ਜਾਊ ਮੁੱਦਾ,
ਕਰਿਆ ਜਾਊਗਾ ਵਕਤ ਬਰਬਾਦ ਮੀਆਂ।
ਨਵਾਂ ਕਹਿਰ ਕੋਈ ਏਦਾਂ ਦਾ ਹੋਣ ਤੀਕਰ,
ਮੋਰਬੀ ਪੁਲ ਦੀ ਭੁੱਲ ਜਾਊ ਯਾਦ ਮੀਆਂ।

**ਤੀਸ ਮਾਰ ਖਾਂ**

# ਪ੍ਰਦੂਸ਼ਣ ਦੇ ਮੁੱਦੇ ਉਤੇ ਸਿਆਸਤ ਨਾਲ ਭਾਜਪਾ ਦਾ ਪੰਜਾਬ ਤੇ ਕਿਸਾਨ ਵਿਰੋਧੀ ਰੁਖ਼ ਸਾਹਮਣੇ ਆਇਆ: ਮੁੱਖ ਮੰਤਰੀ

.....ਪੰਨਾ 1 ਦਾ ਬਾਕੀ

ਤਿੰਨ ਸ਼ਹਿਰ ਆਏ ਪਰ ਇਸ ਦੇ ਬਾਵਜੂਦ ਭਾਜਪਾ ਤੇ ਕੇਂਦਰ ਸਰਕਾਰ ਨੇ ਵਾਤਾਵਰਨ ਪ੍ਰਦੂਸ਼ਣ ਲਈ ਸੂਬੇ ਦੇ ਮਿਹਨਤੀ ਤੇ ਅਗਾਂਹਵਧੂ ਕਿਸਾਨਾਂ ਨੂੰ ਬਦਨਾਮ ਕਰਨ ਲਈ ਫ਼ਰਜ਼ੀ ਜਿਹੀ ਮੁਹਿੰਮ ਵਿੱਢੀ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਅਨਾਜ ਉਤਪਾਦਨ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਪਰਾਲੀ ਫੂਕਣ ਲਈ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਜਦੋਂ ਕਿ ਭਾਜਪਾ ਨੇ ਹਵਾ ਦੀ ਗੁਣਵੱਤਾ ਸੂਚਕ ਅੰਕ ਵਿੱਚ ਘਟੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਹੋਰ ਰਾਜਾਂ ਬਾਰੇ ਅੱਖਾਂ ਬੰਦ ਕਰ ਲਈਆਂ ਹਨ। ਉਨਾਂ ਕਿਹਾ ਕਿ ਹਵਾ ਦੀ ਗੁਣਵੱਤਾ ਪੱਖੋਂ ਮਾੜੀ ਕਾਰਗੁਜ਼ਾਰੀ ਵਾਲੇ ਹੋਰ ਸ਼ਹਿਰਾਂ ਜਿਨਾਂ ਵਿੱਚ ਫਰੀਦਾਬਾਦ, ਮਾਨੇਸਰ, ਗੁੜਗਾਉਂ, ਸੋਨੀਪਤ, ਗਵਾਲੀਅਰ, ਇੰਦੌਰ ਤੇ ਹੋਰ ਸ਼ਾਮਲ ਹਨ, ਬਾਰੇ ਭਾਜਪਾ ਦੀ ਚੁੱਪੀ ਕਈ ਸਵਾਲ ਖੜੇ ਕਰਦੀ ਹੈ ਕਿਉਂਕਿ ਇਹ ਸ਼ਹਿਰ ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਨਾਲ ਸਬੰਧਤ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਤੋਂ ਭਾਜਪਾ ਤੇ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਅਤੇ ਕਿਸਾਨ ਵਿਰੋਧੀ ਮਾਨਸਿਕਤਾ ਦਾ ਪਤਾ ਚਲਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਬੁਨਿਆਦੀ ਕਾਰਨ ਇਹ ਹੈ ਕਿ ਭਾਜਪਾ ਸੂਬੇ ਦੇ ਕਿਸਾਨਾਂ ਨੂੰ ਨਫ਼ਰਤ ਕਰਦੀ ਹੈ ਕਿਉਂਕਿ ਉਨਾਂ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਮੁਹਿੰਮ ਦੀ ਅਗਵਾਈ ਕੀਤੀ ਸੀ। ਉਨਾਂ ਕਿਹਾ ਕਿ ਇਸ ਦਾ ਬਦਲਾ ਲੈਣ ਲਈ ਭਾਜਪਾ ਸੂਬੇ ਅਤੇ ਇਸ ਦੇ ਕਿਸਾਨਾਂ ਨੂੰ ਕਿਸੇ ਵੀ ਕੀਮਤ ਉਤੇ ਬਦਨਾਮ ਕਰਨ ਉਤੇ ਤੁਲੀ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਅਚੰਭੇ ਵਾਲੀ ਗੱਲ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਕੌਮੀ ਖ਼ੁਰਾਕ ਪੂਲ ਵਿੱਚ ਵੱਡੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਕੇ ਲਗਾਤਾਰ ਪੰਜਾਬੀ ਕਿਸਾਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਚੇਤੇ ਕਰਵਾਇਆ ਕਿ ਉਨਾਂ ਕਿਸਾਨਾਂ ਨੂੰ ਪਰਾਲੀ ਨਾ ਫੂਕਣ ਬਦਲੇ 2500 ਰੁਪਏ ਪ੍ਰਤੀ ਏਕੜ ਦੀ ਮਾਲੀ ਮਦਦ ਸਾਂਝੇ ਤੌਰ ਉਤੇ ਦੇਣ ਦਾ ਬਦਲ ਕੇਂਦਰ ਸਰਕਾਰ ਨੂੰ ਦਿੱਤਾ ਸੀ ਪਰ ਇਸ ਤਜਵੀਜ਼ ਨੂੰ ਮੰਨਣ ਦੀ ਬਜਾਏ ਕੇਂਦਰ ਸਰਕਾਰ ਕਿਸਾਨਾਂ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਮਦਦ ਤੋਂ ਸ਼ਰੇਆਮ ਟਾਲਾ ਵੱਟ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਪਰਾਲੀ ਦੇ ਨਿਬੇੜੇ ਲਈ ਟਿਕਾਊ ਹੱਲ ਵਜੋਂ ਵੱਡੀ ਗਿਣਤੀ ਵਿੱਚ ਨਿਵੇਸ਼ਕ ਪੰਜਾਬ ਵਿੱਚ ਆਉਣ ਅਤੇ ਇੱਥੇ ਜੈਵਿਕ ਊਰਜਾ ਪਲਾਂਟ ਲਾਉਣ ਦੇ ਇੱਛੁਕ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਮੰਦੇਭਾਗੀਂ ਕੇਂਦਰ ਸਰਕਾਰ ਇਹ ਪਲਾਂਟ ਲਾਉਣ ਦੀਆਂ ਪ੍ਰਵਾਨਗੀਆਂ ਦੇਣ ਤੋਂ ਇਨਕਾਰ ਕਰ ਕੇ ਰਾਹ ਵਿੱਚ ਅੜਿੱਕੇ ਖੜੇ ਕਰ ਰਹੀ ਹੈ। ਉਨਾਂ ਕਿਹਾ ਕਿ ਪੰਜਾਬੀ ਕਿਸਾਨ ਪਰਾਲੀ ਨਾ ਫੂਕਣ ਬਾਰੇ ਚੰਗੀ ਤਰਾਂ ਜਾਣਦੇ ਹਨ ਕਿਉਂਕਿ ਇਸ ਦਾ ਉਨਾਂ ਦੇ ਪਰਿਵਾਰਾਂ ਉਤੇ ਮਾੜਾ ਅਸਰ ਪਵੇਗਾ। ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਦੇ ਏ.ਸੀ. ਕਮਰਿਆਂ ਵਿੱਚ ਬੈਠੇ ਅਖੌਤੀ ਅਰਥ ਸ਼ਾਸਤਰੀ ਕਿਸਾਨਾਂ ਨੂੰ ਪਰਾਲੀ ਫੂਕਣ ਦਾ ਕੋਈ ਬਦਲ ਤਾਂ ਦੇ ਨਹੀਂ ਰਹੇ, ਸਗੋਂ ਕਿਸਾਨਾਂ ਉਤੇ ਪਰਾਲੀ ਫੂਕਣ ਦਾ ਲਗਾਤਾਰ ਦੋਸ਼ ਲਾ ਕੇ ਉਨਾਂ ਨੂੰ ਬਦਨਾਮ ਕਰ ਰਹੇ ਹਨ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਦੋਂ ਇਹ ਸਮੱਸਿਆ ਸਮੁੱਚੇ ਉੱਤਰ ਭਾਰਤ ਦੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਇਸ ਮਸਲੇ ਦੇ ਹੱਲ ਲਈ ਮੀਟਿੰਗ ਸੱਦਣੀ ਚਾਹੀਦੀ ਹੈ। ਉਨਾਂ ਕਿਹਾ ਕਿ ਇਹ ਵਿਰੋਧਾਭਾਸੀ ਗੱਲ ਹੈ ਕਿ ਜਦੋਂ ਤੱਕ ਪੰਜਾਬ ਦੇ ਕਿਸਾਨ ਕੇਂਦਰੀ ਪੂਲ ਵਿੱਚ ਝੋਨੇ ਦਾ ਯੋਗਦਾਨ ਦਿੰਦੇ ਹਨ, ਉਦੋਂ ਤੱਕ ਉਹ ਅੰਨਦਾਤਾ ਹੁੰਦੇ ਹਨ ਪਰ ਜਦੋਂ ਖ਼ਰੀਦ ਸੀਜ਼ਨ ਖ਼ਤਮ ਹੋ ਜਾਂਦਾ ਹੈ, ਉਨਾਂ ਨੂੰ ਤੁੱਛ ਜਿਹੇ ਮੁੱਦਿਆਂ ਉਤੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਪੰਜਾਬੀ ਕਿਸਾਨਾਂ ਦੀ ਸਰਾਸਰੀ ਨਿਰਾਦਰੀ ਤੇ ਬੇਇਨਸਾਫ਼ੀ ਹੈ, ਜੋ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਕਰਨ ਯੋਗ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਕਿਸਾਨ ਪਰਾਲੀ ਫੂਕਣ ਦੀ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਪਰ ਕੇਂਦਰ ਸਰਕਾਰ ਉਨਾਂ ਨੂੰ ਕੋਈ ਹੱਲ ਤਾਂ ਦੇਵੇ। ਉਨਾਂ ਭਾਜਪਾ ਤੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਸੂਬੇ ਨੂੰ ਕੇਸ ਦਰਜ ਕਰਨ ਲਈ ਕਹਿ ਕੇ ਪੰਜਾਬੀ ਕਿਸਾਨਾਂ ਨੂੰ ਰੋਜ਼ਾਨਾ ਧਮਕਾਉਣਾ ਛੱਡਣ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਕਿਸਾਨਾਂ ਨੂੰ ਧਮਕਾਉਣ ਦੀ ਬਜਾਏ ਕੇਂਦਰ ਸਰਕਾਰ ਨੂੰ ਉਨਾਂ ਨੂੰ ਇਸ ਸਮੱਸਿਆ ਦਾ ਟਿਕਾਊ ਹੱਲ ਦੇਣਾ ਚਾਹੀਦਾ ਹੈ।

# ਸਤਪਾਲ ਸਿੰਘ ਜੌਹਲ ਨੀ ਕੀਤਾ ਵੋਟਰਾਂ ਦੇ ਵਲੰਟੀਅਰਾਂ ਦਾ ਧੰਨਵਾਦ

ਬਰੈਂਪਟਨ, (ਹਰਜੀਤ ਸਿੰਘ ਬਾਜਵਾ) - ਬੀਤੀ 24 ਅਕਤੂਬਰ ਨੂੰ ਹੋਈ ਮਿਊਂਸਪਲ ਇਲੈਕਸ਼ਨ ਵਿੱਚ ਬਰੈਂਪਟਨ ਦੇ ਵਾਰਡ 9-10 ਤੋਂ ਪੀਲ ਡਿਸਟਰਿਕਟ ਸਕੂਲ ਬੋਰਡ ਟਰੱਸਟੀ ਚੁਣੇ ਗਏ ਸਤਪਾਲ ਸਿੰਘ ਜੌਹਲ ਵਲੋਂ ਵੋਟਰਾਂ ਦੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਹੈ। ਸ. ਜੌਹਲ ਨੇ ਕਿਹਾ ਕਿ ਵਲੰਟੀਅਰ ਟੀਮਾਂ ਦੀ ਅਣਥੱਕ ਮਿਹਨਤ ਅਤੇ ਲੋਕਾਂ ਤੋਂ ਮਿਲੇ ਆਪ-ਮੁਹਾਰੇ ਸਾਥ ਸਦਕਾ ਇਹ ਵੱਡੀ ਜਿੱਤ ਪ੍ਰਾਪਤ ਕੀਤੀ ਜਾ ਸਕੀ ਹੈ। ਉਨ੍ਹਾਂ ਨੇ ਮੀਡੀਆ ਦੇ ਇਕਜੁੱਟ ਸਾਥ, ਕਲੱਬਾਂ, ਸੰਸਥਾਵਾਂ ਅਤੇ ਸਮਾਜਿਕ ਆਗੂਆਂ ਤੋਂ ਮਿਲੀ ਹਿਮਾਇਤ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਇਲੈਕਸ਼ਨ ਵਿੱਚ ਸਤਪਾਲ ਸਿੰਘ ਜੌਹਲ ਦਾ ਨਾਮ ਬੱਚੇ-ਬੱਚੇ ਦੀ ਜੁਬਾਨ ਤੇ ਆਇਆ ਮਹਿਸੂਸ ਹੋ ਰਿਹਾ ਸੀ। ਸ. ਜੌਹਲ ਨੇ ਆਖਿਆ ਕਿ ਲੋਕਾਂ ਦੀ ਆਸਾਂ ਉਪਰ ਖਰੇ ਉਤਰਨ ਲਈ ਸਕੂਲ ਟਰੱਸਟੀ ਵਜੋਂ ਨਿੱਠ ਕੇ ਕੰਮ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਘਟਾ ਉਨ੍ਹਾਂ ਦਾ ਜੀਵਨ ਆਸਾਨ ਕਰਨ ਵਿੱਚ ਕਸਰ ਨਹੀਂ ਛੱਡੀ ਜਾਵੇਗੀ। ਕੈਨੇਡਾ ਵਿੱਚ ਸਤਪਾਲ ਸਿੰਘ ਜੌਹਲ ਦੀ ਜਿੱਤ ਦੀ ਖਬਰ ਨਾਲ਼ ਪੱਤਰਕਾਰੀ ਭਾਈਚਾਰੇ ਵਿੱਚ ਵੀ ਖੁਸ਼ੀ ਤੇ ਸੰਤੁਸ਼ਟੀ ਦੀ ਲਹਿਰ ਪਾਈ ਜਾ ਰਹੀ ਹੈ।

# ਰਿਸ਼ੀ ਸੁਨਕ ਨੇ ਯੂਕੇ ਦੇ ਪੀਐਮ ਬਣਨ ਤੋਂ ਬਾਅਦ ਲਿਆ ਵੱਡਾ ਯੂ-ਟਰਨ

.....ਪੰਨਾ 1 ਦਾ ਬਾਕੀ

ਭੋਲੇ-ਭਾਲੇ ਨੇਤਾ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਅਤੇ ਯੂਰਪੀਅਨ ਨੇਤਾਵਾਂ ਨਾਲ ਮਿਲਣ ਦੇ ਮੌਕੇ ਤੋਂ ਬਚ ਰਹੇ ਹਨ। ਟਰਸ ਨੇ ਸ੍ਹੁੱਧ ਜ਼ੀਰੋ ਬਾਰੇ ਕਾਫ਼ੀ ਸ਼ੰਕੇ ਖੜ੍ਹੇ ਕੀਤੇ ਸਨ ਅਤੇ ਕਿੰਗ ਚਾਰਲਸ ਨੂੰ 27 ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਸੀ।

ਨਵੇਂ ਰਾਜੇ ਨੇ ਵਾਤਾਵਰਣ ਲਈ ਲੰਬੇ ਸਮੇਂ ਤੋਂ ਮੁਹਿੰਮ ਚਲਾਈ ਹੈ, ਅਤੇ ਸੁਨਕ ਦੇ ਦਿਲ ਦੀ ਤਬਦੀਲੀ ਨੇ ਬ੍ਰਿਟੇਨ ਦੀ ਵਾਤਾਵਰਣ ਪ੍ਰਤੀ ਵਚਨਬੱਧਤਾ ਬਾਰੇ ਮਿਸਰ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਬ੍ਰਿਟੇਨ ਦਾ ਨਵਾਂ ਸ਼ਾਸਕ ਸ਼ੁੱਕਰਵਾਰ ਨੂੰ ਬਕਿੰਘਮ ਪੈਲੇਸ ਵਿਖੇ ਵਪਾਰਕ ਨੇਤਾਵਾਂ, ਪ੍ਰਚਾਰਕਾਂ ਅਤੇ ਸਿਆਸਤਦਾਨਾਂ ਨਾਲ ਪ੍ਰੀ-ਸੀਓਪੀ ਰਿਸੈਪਸ਼ਨ ਦਾ ਆਯੋਜਨ ਕਰਨ ਵਾਲਾ ਹੈ। ਇਸ ਵਿੱਚ ਅਮਰੀਕਾ ਦੇ ਜਲਵਾਯੂ ਪਰਿਵਰਤਨ ਰਾਜਦੂਤ ਜੌਨ ਕੈਰੀ ਵੀ ਸ਼ਾਮਲ ਹੋਣਗੇ।

# ਸਾਥੀ ਰਣਧੀਰ ਗਿਲ ਦਾ ਜਾਣਾ ਖੱਬੀ ਲਹਿਰ ਦਾ ਚਮਕਦਾ ਸਿਤਾਰੇ ਦਾ ਅੰਤ

(ਬਰੈਂਪਟਨ/ਬਾਸੀ ਹਰਚੰਦ) - ਬਹੁਤ ਦੁੱਖ ਨਾਲ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ (ਟਰਾਂਟੋ ) ਦੁਖਦਾਈ ਖਬਰ ਸਾਂਝੀ ਕਰਦਾ ਹੈ ਕਿ ਲੋਕ ਹਿਤਾਂ ਦੇ ਸਾਥੀ ਆਗੂ ਕਾਮਰੇਡ ਰਣਧੀਰ ਗਿੱਲ ਸਾਡੇ ਵਿਚਕਾਰ ਨਹੀਂ ਰਹੇ। ਪਿਛਲੇ ਕੁੱਝ ਸਮੇਂ ਤੋਂ ਫੇਫੜਿਆਂ ਦੀ ਤਕਲੀਫ ਤੋਂ ਪੀੜਤ ਸਨ ਜਿਸ ਕਰਕੇ ਉਹ ਹਸਪਤਾਲ ਦਾਖਲ ਸਨ। ਇਲਾਜ ਚਲਦਿਆਂ ਉਹਨਾਂ ਨੂੰ ਹਾਰਟ ਅਟੈਕ ਆ ਗਿਆ ਜੋ ਜਾਨ ਲੇਵਾ ਹੋ ਗਿਆ। ਉਹ ਆਪਣੇ ਪਿੱਛੇ ਆਪਣੀ ਪਤਨੀ ਹਰਪਾਲ ਕੌਰ ,ਦੋ ਪੁੱਤਰ ਡਾਕਟਰ ਇੰਦਰਵੀਰ ਸਿੰਘ ਗਿਲ ਅਤੇ ਵਿੱਕੀ ਗਿਲ(ਕਨੇਡਾ) ਛੱਡ ਗਏ ਹਨ।

ਇਸ ਦੇ ਨਾਲ ਆਪਣੇ ਹਜ਼ਾਰਾਂ ਮੁਲਾਜ਼ਮ ਅਤੇ ਲੋਕ ਘੋਲਾਂ ਦੇ ਸਾਥੀਆਂ ਸਮੇਤ ਇੱਕ ਵੱਡਾ ਪਰੀਵਾਰ ਛੱਡ ਗਏ। ਉਸ ਦੇ ਜਾਣ ਨਾਲ ਸਾਥੀ ਪਰੀਵਾਰਾਂ ਪਰਸੰਸਕਾਂ , ਲੋਕ ਘੋਲਾਂ ਦੇ ਸਾਥੀਆਂ ਦਾ ਦਾਇਰਾ ਸੋਗ ਨਾਲ ਉਦਾਸੀ ਵਿੱਚ ਡੁੱਬ ਗਿਆ ਹੈ। ਉਹਨਾਂ ਦੇ ਜੀਵਨ ਸੰਘਰਸ਼ਾਂ ਦੀ ਗੱਲ ਕਰਨੀ ਹੋਵੇ ਤਾਂ ਬੜੀ ਲੰਮਾ ਚੌੜਾ ਬਿਰਤਾਂਤ ਹੈ। ਸੰਖੇਪ ਵਿੱਚ ਕਮਿਉਨਿਸਟ ਪ੍ਰੀਵਾਰ ਵਿੱਚ ਪੈਦਾ ਹੋਏ ਮੋਗਾ ਵਿਖੇ ਕਾਲਜ ਦੇ ਸਮੇਂ ਤੋਂ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਵਿੱਚ ਸਰਗਰਮ ਹੋ ਗਏ। ਅਧਿਆਪਕ ਲੱਗਣ ਤੋਂ ਬਾਅਦ ਅਧਿਅਪਕ ਸਫਾਂ ਵਿੱਚ ਸਰਵ ਪਰਵਾਨਤ ਆਗੂ ਵਜੋਂ ਉਭਰੇ। ਇਹ ਉਹ ਸਮਾਂ ਸੀ ਜਦ ਸਕੂਲ ਪ੍ਰੋਵਿੰਸ਼ਲ ਕੇਡਰ ਵਿੱਚ ਸਨ, ਅਧਿਆਪਕਾਂ ਦੀਆ ਸੇਵਾ ਹਾਲਤਾਂ ਮਾੜੀਆਂ ਸਨ ਅਤੇ ਸੰਘਰਸ਼ ਰਾਹੀਂ ਵਿਦਿਆ ਨੂੰ ਸਟੇਟ ਕੇਡਰ ਦਾ ਦਰਜਾ ਦੁਆਇਆ ਅਤੇ ਅਧੀਆਪਕਾਂ ਦੇ ਸਿਰੋਂ ਬੇਣਕੀਨੀ ਦੀ ਹਾਲਤ ਦੂਰ ਕੀਤੀ। ਉਸ ਸਮੇਂ ਤੋਂ ਚੱਲ ਸੋ ਚੱਲ ਦਿਨ ਰਾਤ ਔਖਿਆਂ ਸਮਿਆਂ ਵਿੱਚ ਵੀ ਕਿਸੇ ਮੁਸੀਬਤ ਤੋਂ ਡਰ ਕੇ ਪਾਸਾ ਨਹੀਂ ਵੱਟਿਆ। ਸਾਂਝੀ ਅਧਿਆਪਕ ਯੂਨੀਅਨ ਦੇ ਚਾਰ ਵਾਰ ਸਟੇਟ ਪਰਧਾਨਗੀ ਮੰਡਲ ਦੇ ਮੈਂਬਰ ਰਹੇ। ਪੰਜਾਬ ਯੂਨੀਵਰਸਿਟੀ ਦੇ ਸੀਨੇਟ ਮੈਂਬਰ,ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸਟੇਟ ਦੇ ਜਨਰਲ ਸਕੱਤਰ,ਕਮਿਉਨਿਸਟ ਪਾਰਟੀ ਪੰਜਾਬ ਦੇ ਸਟੇਟ ਐਗਜੈਕਟਿਵ ਕਮੇਟੀ ਮੈਂਬਰ ਆਦਿ ਵਿੱਚ ਉਚ ਅਦਾਰਿਆਂ ਤੇ ਨਿਯੁਕਤ ਰਹੇ। ਇਸ ਦੁਖਦਾਈ ਸਮੇਂ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ ( ਟਰੌਂਟੋ) ਦੇ ਮੈਂਬਰ ਬਲਦੇਵ ਸਿੰਘ ਸਹਿਦੇਵ, ਹਰਚੰਦ ਸਿੰਘ ਬਾਸੀ, ਪੂਰਨ ਸਿੰਘ ਪਾਂਧੀ, ਸੁਖਦੇਵ ਧਾਲੀਵਾਲ, ਪ੍ਰੋਫੈਸਰ ਲਾਲ ਸਿੰਘ ਬਰਾਰ, ਸੁਰਿੰਦਰ ਗਿੱਲ, ਸਰੂਪ ਸਿੰਘ ਗਿਲ, ਲਾਲ ਸਿੰਘ ਚਾਹਲ ਆਦਿ ਪ੍ਰੀਵਾਰ ਅਤੇ ਸਾਥੀਆਂ ਦੇ ਵੱਡੇ ਕਾਫਲੇ ਨਾਲ ਦੁੱਖ ਵਿੱਚ ਸ਼ਾਮਲ ਹੁੰਦੇ ਹਨ।

ਮਿੱਤਰ ਸਨੇਹੀ ਹੇਠ ਲਿਖੇ ਫੋਨਾਂ ਤੇ ਸੰਪਰਕ ਕਰ ਸਕਦੇ ਹਨ:- ਬਲਦੇਵ ਸਿੰਘ ਸਹਿਦੇਵ ਪ੍ਰਧਾਨ 647-233-1527 ਕਾ:; ਸੁਖਦੇਵ ਸਿੰਘ ਧਾਲੀਵਾਲ ਸਕੱਤਰ 437-788-8035 , ਹਰਚੰਦ ਸਿੰਘ ਬਾਸੀ ਸੀਨੀਅਰ ਮੀਤ ਪਰਧਾਨ 437-255-5029 ਸੁਰਿੰਦਰ ਗਿਲ 905 - 460-5544, ਪੂਰਨ ਸਿੰਘ ਪਾਂਧੀ 905 -789-6670


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated





19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047




TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9





ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com







ShergGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca






ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW





ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



# ਯੂਬਾ ਸਿਟੀ, ਕੈਲੀਫੋਰਨੀਆ ’ਚ ਗੁਰਤਾਗੱਦੀ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ 6 ਨਵੰਬਰ ਨੂੰ, ਧਾਰਮਿਕ ਕਾਰਜ ਸ਼ੁਰੂ



ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ) - ਹਰ ਵਰ੍ਹੇ ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਸ਼ੁਰੂ ਹੋ ਚੁਕੀਆਂ ਹਨ ਇਸ ਦੌਰਾਨ ਧਾਰਮਿਕ ਕਾਰਜ ਸ਼ੁਰੂ ਹੋ ਚੁੱਕੇ ਹਨ ਤੇ ਹਰ ਰੋਜ ਕੀਰਤਨ ਦਰਬਾਰ ਹੁੰਦਾ ਹੈ ਤੇ ਇਨਾਂ ਧਾਰਮਿਕ ਕਾਰਜਾਂ ਨੂੰ ਨੇਪਰੇ ਚਾੜਨ ਲਈ ਸੰਗਤ ਭਾਰੀ ਉਤਸ਼ਾਹ ਨਾਲ ਵੱਖ ਵੱਖ ਤਰਾਂ ਦੀ ਸੇਵਾ ਕਰ ਰਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ ਐਤਵਾਰ ਨੂੰ ਨਿਕਲ ਰਹੇ ਨਗਰ ਕੀਰਤਨ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਇਨਾਂ ਧਾਰਮਿਕ ਦਿਵਾਨਾਂ ਤੇ ਨਗਰ ਕੀਰਤਨ ਵਿੱਚ ਸੰਗਤ ਹਾਜਰੀ ਭਰਦੀ ਹੈ । ਇਸ ਨਗਰ ਕਿਰਤਨ ਵਿੱਚ ਵੱਖ ਵੱਖ ਤਰਾਂ ਦੇ ਫਲੋਟ ਸਜਾਏ ਜਾਂਦੇ ਹਨ ਜੋ ਕਿ ਕਈ ਦਿਨਾਂ ਤੋਂ ਤਿਆਰੀ ਕੀਤੀ ਜਾ ਰਹੀ ਹੈ ਅਤਕੀਂ ਵੀ ਇਸ ਨਗਰ ਕੀਰਤਨ ਵਿਚ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕ ਇਸ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 6 ਨਵੰਬਰ ਨੂੰ ਪਹੁੰਚ ਰਹੇ ਹਨ। ਇਸ ਸ਼ੁਕਰਵਾਰ ਨੂੰ ਪਟਾਕੇ ਚਲਾਏ ਜਾਣਗੇ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ, ਢਾਡੀ ਦਰਬਾਰ ਹੋਵੇਗਾ, ਰੈਣ ਸੁਬਾਈ ਕਰੀਤਨ ਸ਼ਨੀਵਾਰ ਨੂੰ ਹੋਵੇਗਾ, ਐਤਕਾਂ ਬੱਚਿਆਂ ਦਾ ਕੀਰਤਨ ਦਰਬਾਰ ਵੱਖਰਾ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਅਮ੍ਰਿਤ ਸੰਚਾਰ ਵੀ ਹੋਵੇਗਾ।

# ਅਮਰੀਕਾ ਦੇ ਕੈਰੀ ਕਸਬੇ ਵਿਚ ਸ਼ਾਨਦਾਰ ਮੰਦਰ ਦਾ ਸ਼ੁਭਆਰੰਭ

* ਭਾਰੀ ਤਾਦਾਦ ਵਿਚ ਸ਼ਰਧਾਲੂਆਂ ਨੇ ਟੇਕਿਆ ਮੱਥਾ



ਸੈਕਰਾਮੈਂਟੋ, 02 ਨਵੰਬਰ (ਹੁਸਨ ਲੜੋਆ ਬੰਗਾ) - ਉਤਰੀ ਕੈਰੋਲੀਨਾ ਵਿਚ ਕੈਰੀ ਕਸਬੇ (ਵੇਕ ਕਾਊਂਟੀ) ਵਿਖੇ ਦਿਵਾਲੀ ਦੇ ਮੌਕੇ 'ਤੇ ਭਾਰੀ ਤਾਦਾਦ ਵਿਚ ਮੌਜੂਦ ਹਿੰਦੂ ਸ਼ਰਧਾਲੂਆਂ ਦੀ ਮੌਜੂਦਗੀ ਵਿਚ ਸ਼ਾਨਦਾਰ ਮੰਦਿਰ ਦਾ ਸ਼ੁੱਭ ਆਰੰਭ ਹੋਇਆ। ਸ੍ਰੀ ਵੈਂਕਟੇਸਵਰਾ ਮੰਦਿਰ ਵਿਖੇ ਉਸਾਰੇ 87 ਫੁੱਟ ਉੱਚੇ "ਟਾਵਰ ਆਫ ਯੁਨਿਟੀ ਐਂਡ ਪ੍ਰਾਸਪੈਰਿਟੀ" ਵਿਚ ਨਵੇਂ ਮੰਦਿਰ ਦਾ ਉਦਘਾਟਨ ਉੱਤਰੀ ਕੈਰੋਲੀਨਾ ਦੇ ਗਵਰਨਰ ਰਾਇ ਕੂਪਰ ਨੇ ਕੀਤਾ। ਇਸ ਮੰਦਰ ਦੇ ਨਿਰਮਾਣ ਨੂੰ 13 ਸਾਲ ਲੱਗੇ ਹਨ। ਉੱਤਰੀ ਅਮਰੀਕਾ ਵਿਚ ਆਪਣੀ ਕਿਸਮ ਦੇ ਸਭ ਤੋਂ ਉੱਚੇ ਇਸ ਮੰਦਿਰ ਦੀ ਉਸਾਰੀ ਦਾ ਕੰਮ 2009 ਵਿਚ ਸ਼ੁਰੂ ਹੋਇਆ ਸੀ। ਇਸ ਮੌਕੇ ਕੂਪਰ ਨੇ ਮੰਦਿਰ ਦੇ ਸ਼ੁੱਭ ਆਰੰਭ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਮੁਸ਼ਕਿਲ ਸਮੇ ਵਿਚ ਆਪਣੀਆਂ ਚਿੰਤਾਵਾਂ ਤੇ ਫਿਕਰਾਂ ਨੂੰ ਪਰੇ ਰਖਕੇ ਪਵਿੱਤਰ ਮੰਦਿਰ ਵਿਚ ਮੱਥਾ ਟੇਕਣ ਨਾਲ ਇਕ ਨਵੀਂ ਊਰਜਾ ਪੈਦਾ ਹੁੰਦੀ ਹੈ। ਮੰਦਿਰ ਦੇ ਟਰੱਸਟੀਆਂ ਦੇ ਬੋਰਡ ਦੇ ਜਨਰਲ ਸੱਕਤਰ ਲਕਸ਼ਮੀ ਨਰਾਇਣਨ ਸ਼੍ਰੀ ਨਿਵਾਸਨ ਅਨੁਸਾਰ ਮੰਦਿਰ ਟਾਵਰ ਦੇ ਨਿਰਮਾਣ ਵਿਚ 5000 ਤੋਂ ਵਧ ਦਾਨੀਆਂ ਨੇ 25 ਲੱਖ ਡਾਲਰ ਦਾਨ ਕੀਤੇ। ਉਨਾਂ ਕਿਹਾ ਕਿ ਮੰਦਿਰ ਦਾ ਵਿਸਥਾਰ ਕੀਤਾ ਜਾਵੇਗਾ ਤੇ ਇਕ ਇਕਤਰਤਾ ਹਾਲ ਬਣਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਫੁਹਾਰਿਆਂ ਦਾ ਨਿਰਮਾਣ ਵੀ ਕੀਤਾ ਜਾਵੇਗਾ।

# ਪਿਟਸਬਰਗ ਵਿਚ ਇਕ ਚਰਚ ਦੇ ਬਾਹਰ ਹੋਈ ਗੋਲੀਬਾਰੀ ਵਿਚ 6 ਲੋਕ ਜ਼ਖਮੀ



ਚਰਚ ਦਾ ਬਾਹਰੀ ਦ੍ਰਿਸ਼ ਜਿਥੇ ਗੋਲੀਬਾਰੀ ਦੀ ਘਟਨਾ ਵਾਪਰੀ

ਸੈਕਰਾਮੈਂਟੋ , 02 ਨਵੰਬਰ (ਹੁਸਨ ਲੜੋਆ ਬੰਗਾ)- ਪਿਟਸਬਰਘ ਵਿਚ ਇਕ ਚਰਚ ਦੇ ਬਾਹਰਵਾਰ ਹੋਈ ਗੋਲੀਬਾਰੀ ਵਿਚ ਘੱਟੋ ਘੱਟ 6 ਲੋਕ ਜ਼ਖਮੀ ਹੋ ਗਏ। ਪਿਟਸਬਰਗ ਦੇ ਪੁਲਿਸ ਕਮਾਂਡਰ ਰਿਚਰਡ ਫੋਰਡ ਅਨੁਸਾਰ ਜਿਸ ਸਮੇ ਗੋਲੀਬਾਰੀ ਹੋਈ ਚਰਚ ਵਿਚ ਇਕ ਮ੍ਰਿਤਕ ਦੀਆਂ ਅੰਤਿਮ ਰਸਮਾਂ ਚਲ ਰਹੀਆਂ ਸਨ। ਉਨਾਂ ਕਿਹਾ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ ਪਰੰਤੂ ਉਹ ਵੀ ਸਥਿੱਰ ਹਾਲਤ ਵਿਚ ਹੈ। ਬਾਕੀ ਜ਼ਖਮੀਆਂ ਦਾ ਵੀ ਹਸਪਤਾਲ ਵਿਚ ਇਲਾਜ਼ ਚੱਲ ਰਿਹਾ ਹੈ। ਉਨਾਂ ਕਿਹਾ ਕਿ ਇਹ ਘਟਨਾ ਸੋਚੀ ਸਮਝੀ ਯੋਜਨਾ ਦਾ ਹਿੱਸਾ ਲੱਗਦੀ ਹੈ ਕਿਉਂਕਿ ਜ਼ਖਮੀ ਹੋਏ ਕੁਝ ਲੋਕ ਅੰਤਿਮ ਰਸਮਾਂ ਵਿਚ ਸ਼ਾਮਿਲ ਸਨ।

# ਚੀਫ ਜਸਟਿਸ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ 10 ਵਧੀਕ ਜੱਜਾਂ ਨੂੰ ਸਹੁੰ ਚੁਕਾਈ



ਚੰਡੀਗੜ੍ਹ, 02 ਨਵੰਬਰ (ਗਿਆਨ ਸਿੰਘ)- ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ੍ਰੀ ਰਵੀ ਸ਼ੰਕਰ ਝਾਅ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ 10 ਨਵੇ ਵਧੀਕ ਜੱਜਾਂ ਨੂੰ ਇੱਕ ਸਾਦੇ ਅਤੇ ਪਰਿਭਾਵਸ਼ਾਲੀ ਸਮਾਗਮ ਦੌਰਾਨ ਅਹੁਦੇ ਦੀ ਸਹੁੰ ਚੁਕਾਈ।

ਹਾਈਕੋਰਟ ਦੇ ਬੁਲਾਰੇ ਨੇ ਦੱਸਿਆ ਕਿ ਅੱਜ ਜ਼ਿਨ੍ਹਾਂ ਨੂੰ ਸਹੁੰ ਚੁਕਾਈ ਗਈ ਉਨ੍ਹਾਂ ਵਿੱਚ ਵਧੀਕ ਜੱਜ ਸ੍ਰੀ ਕੁਲਦੀਪ ਤਿਵਾੜੀ, ਸ੍ਰੀ ਗੁਰਬੀਰ ਸਿੰਘ, ਸ੍ਰੀ ਦੀਪਕ ਗੁਪਤਾ, ਸ੍ਰੀਮਤੀ ਅਮਰਜੋਤ ਭੱਟੀ, ਸ੍ਰੀਮਤੀ ਰਿਤੂ ਟੈਗੋਰ, ਸ੍ਰੀਮਤੀ ਮਨੀਸ਼ਾ ਬੱਤਰਾ, ਮਿਸ ਹਰਪ੍ਰੀਤ ਕੌਰ ਜੀਵਨ, ਸ੍ਰੀਮਤੀ ਸੁਖਵਿੰਦਰ ਕੌਰ, ਸ੍ਰੀ ਸੰਜੀਵ ਬੇਰੀ ਅਤੇ ਸ੍ਰੀ ਵਿਕਰਮ ਅਗਰਵਾਲ ਸ਼ਾਮਲ ਹਨ। ਇਸ ਮੌਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਵਕੀਲ ਵੀ ਸ਼ਾਮਲ ਸਨ। ਬੁਲਾਰੇ ਨੇ ਦੱਸਿਆ ਕਿ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੀ ਗਿਣਤੀ 56 ਤੋ ਵੱਧ ਕੇ 66 ਹੋ ਗਈ ਹੈ।

# ਬੈਂਕ ਦੇ ਗਾਹਕਾਂ ਨੂੰ ਗਲਤ ਅਨਸਰਾਂ ਵੱਲੋਂ ਗੁਮਰਾਹ ਹੋਣ ਤੋਂ ਬਚਾਉਣ ਲਈ ਕੀਤਾ ਜਾਵੇਗਾ ਜਾਗਰੂਕ -ਗੁਰਵਿੰਦਰ ਸਿੱਧੂ

ਫ਼ਰੀਦਕੋਟ, 02 ਨਵੰਬਰ (ਗਿਆਨ ਸਿੰਘ)- ਗਲਤ ਅਨਸਰਾਂ ਵੱਲੋਂ ਬੈਂਕ ਦੇ ਗਾਹਕਾਂ ਨੂੰ ਫੋਨ ਤੇ ਗੁੰਮਰਾਹ ਕਰਕੇ ਉਨ੍ਹਾਂ ਨਾਲ ਠੱਗੀ ਮਾਰੇ ਜਾਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬੈਂਕ ਦੁਆਰਾ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਲਈ ਇੱਕ ਨਵੰਬਰ ਤੋਂ 30 ਨਵੰਬਰ ਤਕ ਵੱਖ ਵੱਖ ਥਾਵਾਂ ਤੇ ਬੈਂਕ ਦੇ ਗਾਹਕਾਂ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਜਾਣਕਾਰੀ ਦੇ ਕੇ ਜਾਗਰੂਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਪੰਜਾਬ ਐਂਡ ਸਿੰਧ ਬੈਂਕ ਦੇ ਲੀਡ ਬੈਂਕ ਮੈਨੇਜਰ ਗੁਰਵਿੰਦਰ ਸਿੰਘ ਸਿੱਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਦੁਆਰਾ ਉਨ੍ਹਾਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ ਕਿ ਬੈਂਕ ਦੇ ਗਾਹਕਾਂ ਨਾਲ ਵਧ ਰਹੀਆਂ ਠੱਗੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਬੈਂਕ ਦੇ ਗਾਹਕਾਂ ਨੂੰ ਜਾਗਰੂਕ ਕੀਤਾ ਜਾਵੇ, ਜਿਸ ਲਈ ਵੱਖ ਵੱਖ ਥਾਵਾਂ ਤੇ ਕੈਂਪਾਂ ਦਾ ਆਯੋਜਨ ਕੀਤਾ ਜਾਵੇ ਅਤੇ ਗਾਹਕਾਂ ਨੂੰ ਦੱਸਿਆ ਜਾਵੇ ਕਿ ਕਿਸ ਤਰ੍ਹਾਂ ਇਸ ਸ਼ਾਤਰ ਲੋਕ ਫ਼ੋਨ ਤੇ ਉਨ੍ਹਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ। ਇਨ੍ਹਾਂ ਸ਼ਾਤਰ ਲੋਕਾਂ ਦਾ ਸ਼ਿਕਾਰ ਬਣਨ ਤੋਂ ਬਚਣ ਲਈ ਕਿੰਨਾ ਕਿੰਨਾ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਹ ਲੋਕ ਭੋਲੇ ਭਾਲੇ ਲੋਕਾਂ ਨੂੰ ਫੋਨ ਕਰਕੇ ਗੁੰਮਰਾਹ ਕਰਦੇ ਹਨ ਅਤੇ ਫਿਰ ਉਨ੍ਹਾਂ ਦੇ ਖਾਤਿਆਂ ਵਿੱਚੋਂ ਵੱਡੀਆਂ ਵੱਡੀਆਂ ਰਕਮਾਂ ਚੋਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲਗਾਏ ਜਾਣ ਵਾਲੇ ਕੈਂਪਾਂ ਵਿਚ ਗਾਹਕਾਂ ਨੂੰ ਮੁੱਢਲੀਆਂ ਸੇਵਾਵਾਂ ਅਤੇ ਸ਼ਿਕਾਇਤਾਂ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ।









## ਦਿੱਲੀ ਦੀ ਹਵਾ ਲਗਾਤਾਰ ਹੁੰਦੀ ਜਾ ਰਹੀ ਜ਼ਹਿਰੀਲੀ, ਹਵਾ ਦੀ ਗੁਣਵੱਤਾ ਬਹੁਤ ਖਰਾਬ



ਨਵੀਂ ਦਿੱਲੀ, 02 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਰਾਜਧਾਨੀ ਵਿੱਚ ਐਤਵਾਰ ਨੂੰ ਹਵਾ ਦੀ ਗੁਣਵੱਤਾ ਬਹੁਤ ਖ਼ਰਾਬ ਸ਼੍ਰੇਣੀ ਵਿੱਚ ਦਰਜ ਕੀਤੀ ਗਈ ਜਦੋਂ ਕਿ ਘੱਟੋ-ਘੱਟ ਤਾਪਮਾਨ 15 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ ਇੱਕ ਡਿਗਰੀ ਘੱਟ ਹੈ। ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਐਤਵਾਰ ਸਵੇਰੇ 8.30 ਵਜੇ ਸਾਪੇਖਿਕ ਨਮੀ 70 ਫੀਸਦੀ ਸੀ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਵਿੱਚ ਸਵੇਰੇ 9.10 ਵਜੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 367 ਸੀ, ਜੋ ਕਿ ਬਹੁਤ ਖਰਾਬ ਸ਼੍ਰੇਣੀ ਵਿਚ ਆਉਂਦਾ ਹੈ। ਅੰਕੜਿਆਂ ਅਨੁਸਾਰ, ਦਿੱਲੀ ਦੇ ਪ੍ਰਮੁੱਖ ਨਿਗਰਾਨੀ ਸਟੇਸ਼ਨਾਂ 'ਤੇ ਗੰਭੀਰ ਸ਼੍ਰੇਣੀ ਵਿੱਚ ਦਰਜ ਕੀਤਾ ਗਿਆ ਸੀ। ਸਟੇਸ਼ਨਾਂ ਐਨਐਸਆਈਟੀ ਦਵਾਰਕਾ (411), ਜਹਾਂਗੀਰਪੁਰੀ (407), ਵਿਵੇਕ ਵਿਹਾਰ (423), ਵਜ਼ੀਰਪੁਰ (412) ਅਤੇ ਆਨੰਦ ਵਿਹਾਰ (468)।

ਜ਼ੀਰੋ ਤੋਂ 50 ਦੇ ਵਿਚਕਾਰ ਨੂੰ ਚੰਗਾ, 51 ਤੋਂ 100 ਤਸੱਲੀਬਖਸ਼, 101 ਤੋਂ 200 ਦਰਮਿਆਨਾ, 201 ਤੋਂ 300 ਖਰਾਬ, 301 ਤੋਂ 400 ਬਹੁਤ ਖਰਾਬ ਅਤੇ 401 ਤੋਂ 500 ਨੂੰ ਗੰਭੀਰ ਮੰਨਿਆ ਜਾਂਦਾ ਹੈ। ਮੌਸਮ ਵਿਭਾਗ ਨੇ ਦਿਨ ਵੇਲੇ ਦਿੱਲੀ ਵਿੱਚ ਆਸਮਾਨ ਸਾਫ਼ ਰਹਿਣ ਦੀ ਸੰਭਾਵਨਾ ਜਤਾਈ ਹੈ। ਰਾਸ਼ਟਰੀ ਰਾਜਧਾਨੀ ਵਿੱਚ ਵੱਧ ਤੋਂ ਵੱਧ ਤਾਪਮਾਨ 32 ਡਿਗਰੀ ਸੈਲਸੀਅਸ ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ।

## ਅਫਗਾਨਿਸਤਾਨ 'ਚ ਮਿੰਨੀ ਬੱਸ ਧਮਾਕੇ ਦਾ ਸ਼ਿਕਾਰ, ਸਰਕਾਰੀ ਕਰਮਚਾਰੀ ਸਵਾਰ ਸਨ



ਕਾਬੁਲ, 02 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਪੁਲਸ ਜ਼ਿਲਾ 5 'ਚ ਬੁੱਧਵਾਰ ਨੂੰ ਸਰਕਾਰੀ ਕਰਮਚਾਰੀਆਂ ਦੀ ਇਕ ਮਿੰਨੀ ਬੱਸ ਨੂੰ ਨਿਸ਼ਾਨਾ ਬਣਾ ਕੇ ਹੋਏ ਬੰਬ ਧਮਾਕੇ 'ਚ 8 ਲੋਕ ਜ਼ਖਮੀ ਹੋ ਗਏ। ਕਾਬੁਲ ਪੁਲਿਸ ਦੇ ਬੁਲਾਰੇ ਖਾਲਿਦ ਜ਼ਦਰਾਨ ਨੇ ਕਿਹਾ, "ਬੁੱਧਵਾਰ ਸਵੇਰੇ ਪੁਲਿਸ ਜ਼ਿਲ੍ਹਾ 5 ਵਿੱਚ ਪੇਂਡੂ ਪੁਨਰਵਾਸ ਅਤੇ ਵਿਕਾਸ ਮੰਤਰਾਲੇ ਦੇ ਕਰਮਚਾਰੀਆਂ ਦੀ ਇਕ ਮਿੰਨੀ ਬੱਸ ਨੂੰ ਸੜਕ ਕਿਨਾਰੇ ਇੱਕ ਬੰਬ ਨਾਲ ਨਿਸ਼ਾਨਾ ਬਣਾਇਆ ਗਿਆ ਅਤੇ ਬੰਬ ਧਮਾਕੇ ਵਿੱਚ ਅੱਠ ਲੋਕ ਜ਼ਖਮੀ ਹੋ ਗਏ।" ਉਨ੍ਹਾਂ ਕਿਹਾ ਕਿ ਸਾਰੇ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ, ਕਿਸੇ ਸਮੂਹ ਜਾਂ ਵਿਅਕਤੀ ਨੇ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

ਇਸ ਸਾਲ ਅਗਸਤ ਦੇ ਅੱਧ ਵਿੱਚ, ਕਾਬੁਲ ਵਿੱਚ ਬੁੱਧਵਾਰ ਸ਼ਾਮ ਦੀ ਨਮਾਜ਼ ਦੌਰਾਨ ਇੱਕ ਮਸਜਿਦ ਵਿੱਚ ਇੱਕ ਵੱਡਾ ਧਮਾਕਾ ਹੋਇਆ ਸੀ, ਜਿਸ ਵਿੱਚ ਚਸ਼ਮਦੀਦ ਗਵਾਹਾਂ ਅਤੇ ਪੁਲਿਸ ਨੇ ਕਿਹਾ ਸੀ ਕਿ ਕਈ ਲੋਕਾਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦਾ ਖਦਸ਼ਾ ਹੈ। ਪੁਲਿਸ ਨੇ ਕਿਹਾ ਕਿ ਕਈ ਜ਼ਖਮੀ ਹੋਏ ਹਨ, ਪਰ ਇਹ ਨਹੀਂ ਦੱਸਿਆ ਕਿ ਕਿੰਨੇ ਹਨ। ਤਾਲਿਬਾਨ ਦੇ ਇਕ ਖੁਫੀਆ ਅਧਿਕਾਰੀ ਨੇ ਰਾਇਟਰਜ਼ ਨੂੰ ਦੱਸਿਆ ਕਿ 35 ਲੋਕ ਜ਼ਖਮੀ ਜਾਂ ਮਾਰੇ ਗਏ ਹਨ। ਜਦਕਿ ਅਲ ਜਜ਼ੀਰਾ ਨੇ ਇਕ ਅਣਪਛਾਤੇ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ 20 ਲੋਕ ਮਾਰੇ ਗਏ ਹਨ।

ਇਸ ਦੇ ਨਾਲ ਹੀ, ਅਗਸਤ ਦੇ ਸ਼ੁਰੂ ਵਿੱਚ, ਪੂਰਬੀ ਅਫਗਾਨਿਸਤਾਨ ਦੇ ਪਕਤਿਕਾ ਸੂਬੇ ਵਿੱਚ ਇੱਕ ਰਹੱਸਮਈ ਧਮਾਕੇ ਵਿੱਚ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦਾ ਇੱਕ ਚੋਟੀ ਦਾ ਕਮਾਂਡਰ ਉਮਰ ਖਾਲਿਦ ਖੁਰਾਸਾਨੀ ਅਤੇ ਤਿੰਨ ਹੋਰ ਪ੍ਰਮੁੱਖ ਅੱਤਵਾਦੀ ਮਾਰੇ ਗਏ ਸਨ। ਅਫਗਾਨ ਅਧਿਕਾਰੀਆਂ ਅਤੇ ਸਥਾਨਕ ਸੂਤਰਾਂ ਦੇ ਮੁਤਾਬਕ ਖੁਰਾਸਾਨੀ ਸਮੇਤ ਅੱਤਵਾਦੀ ਸੰਗਠਨ ਦੇ ਸੀਨੀਅਰ ਕਮਾਂਡਰਾਂ ਨੂੰ ਲੈ ਕੇ ਜਾ ਰਹੇ ਇਕ ਵਾਹਨ ਨੂੰ ਐਤਵਾਰ ਨੂੰ ਰਹੱਸਮਈ ਵਿਸਫੋਟਕ ਯੰਤਰ ਨਾਲ ਨਿਸ਼ਾਨਾ ਬਣਾਇਆ ਗਿਆ।

## ਨਿਰਮਾਣ ਅਧੀਨ ਸੁਰੰਗ 'ਚ ਜ਼ਮੀਨ ਖਿਸਕਣ ਕਾਰਨ 1 ਦੀ ਮੌਤ, ਕਈ ਫਸੇ



ਨਵੀਂ ਦਿੱਲੀ, 02 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ 'ਚ ਸ਼ਨੀਵਾਰ ਨੂੰ ਇਕ ਪਾਵਰ ਪ੍ਰੋਜੈਕਟ ਸਾਈਟ ਨੇੜੇ ਪਹੁੰਚ ਸੜਕ ਦੇ ਨਿਰਮਾਣ ਦੌਰਾਨ ਜ਼ਮੀਨ ਖਿਸਕਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਲੋਕਾਂ ਦੇ ਫਸ ਜਾਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਰਾਤਲੇ ਇਲਾਕੇ 'ਚ ਹੋਈ ਇਸ ਘਟਨਾ 'ਚ ਪੰਜ ਲੋਕ ਜ਼ਖਮੀ ਹੋ ਗਏ। ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਦੇਵਾਂਸ਼ ਯਾਦਵ ਨੇ ਦੱਸਿਆ ਕਿ ਮਜ਼ਦੂਰ ਰਤਲੇ ਪਾਵਰ ਪ੍ਰੋਜੈਕਟ ਸਾਈਟ ਦੇ ਨੇੜੇ ਪਹੁੰਚ ਸੜਕ ਦੇ ਨਿਰਮਾਣ ਦਾ ਕੰਮ ਕਰ ਰਹੇ ਸਨ ਅਤੇ ਇੱਕ ਜੇਸੀਬੀ ਮਸ਼ੀਨ ਖੁਦਾਈ ਕਰ ਰਹੀ ਸੀ, ਜਦੋਂ ਇੱਕ ਵੱਡਾ ਪੱਥਰ ਖਿਸਕ ਗਿਆ, ਜਿਸ ਕਾਰਣ ਮਜ਼ਦੂਰਾਂ ਫਸ ਗਏ।

ਉਨ੍ਹਾਂ ਕਿਹਾ ਕਿ ਤੁਰੰਤ ਬਚਾਅ ਕਾਰਜ ਸ਼ੁਰੂ ਕੀਤੇ ਗਏ ਅਤੇ ਮਲਬੇ ਵਿੱਚੋਂ ਪੰਜ ਲੋਕਾਂ ਨੂੰ ਕੱਢ ਕੇ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਯਾਦਵ ਨੇ ਦੱਸਿਆ ਕਿ ਮਲਬੇ ਹੇਠ ਅਜੇ ਵੀ ਪੰਜ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਫੌਜ, ਪੁਲਿਸ ਅਤੇ ਪ੍ਰਸ਼ਾਸਨ ਦੇ ਜਵਾਨ ਬਚਾਅ ਕਾਰਜ ਵਿੱਚ ਲੱਗੇ ਹੋਏ ਹਨ।

## ਲੰਡਨ 'ਚ ਔਰਤ ਨੇ ਟੈਕਸੀ 'ਚ ਦਿੱਤਾ ਬੱਚੇ ਨੂੰ ਜਨਮ



ਲੰਡਨ, 02 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ 'ਚ ਕੈਬ ਸਫਰ ਦੌਰਾਨ ਇਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ, ਜਿਸ ਲਈ ਕੰਪਨੀ ਨੇ ਔਰਤ ਨੂੰ ਕਾਰ ਦੀ ਸਫਾਈ ਲਈ 60 ਪੌਂਡ ਦਾ ਬਿੱਲ ਭੇਜਿਆ। ਰਿਪੋਰਟ ਮੁਤਾਬਕ ਫਰਾਹ ਕਾਕਾਨਿਦੀਨ (26) ਨੂੰ ਜਣੇਪੇ ਦੇ ਦਰਦ ਕਾਰਨ ਹਸਪਤਾਲ ਲਿਜਾਇਆ ਜਾ ਰਿਹਾ ਸੀ ਜਦੋਂ ਉਸ ਨੇ ਕੈਬ ਵਿੱਚ ਬੱਚੇ ਨੂੰ ਜਨਮ ਦਿੱਤਾ। ਕੁਝ ਦਿਨਾਂ ਬਾਅਦ, ਕੈਬ ਡਰਾਈਵਰ ਨੇ ਉਸ ਨੂੰ ਵਾਹਨ ਦੀ ਸਫਾਈ ਅਤੇ ਕਿਰਾਏ 'ਤੇ ਦੇਣ ਲਈ 90 ਪੌਂਡ ਦਾ ਬਿੱਲ ਭੇਜਿਆ। ਇਸ ਬਿੱਲ ਵਿੱਚ ਸਫਾਈ ਲਈ £60 ਅਤੇ ਕਿਰਾਏ ਲਈ £30 ਵੀ ਸ਼ਾਮਲ ਹਨ।

## ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਜੰਗ ਦੇ ਮੁਹਾਨੇ 'ਤੇ, ਦਾਗੀਆਂ ਮਿਜ਼ਾਈਲਾਂ



ਸਿਊਲ, 02 ਨਵੰਬਰ (ਪੋਸਟ ਬਿਊਰੋ)- ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਨੇ ਬੁੱਧਵਾਰ ਨੂੰ ਇੱਕ ਦੂਜੇ ਦੀਆਂ ਸਮੁੰਦਰੀ ਸਰਹੱਦਾਂ ਵਿੱਚ ਮਿਜ਼ਾਈਲਾਂ ਦਾਗੀਆਂ। ਬੀਬੀਸੀ ਦੀ ਰਿਪੋਰਟ ਦੇ ਅਨੁਸਾਰ, ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਦੇ ਸ਼ਹਿਰ ਸੋਕਚੋ ਤੋਂ ਲਗਭਗ 60 ਕਿਲੋਮੀਟਰ (37 ਮੀਲ) ਦੂਰ ਉਲੁੰਗਡੋ ਟਾਪੂ 'ਤੇ ਟੀਚਿਆਂ ਨੂੰ ਮਾਰਨ ਦੇ ਸਮਰੱਥ ਇੱਕ ਛੋਟੀ ਦੂਰੀ ਦੀ ਬੈਲਿਸਟਿਕ ਮਿਜ਼ਾਈਲ ਦਾਗੀ। ਤਿੰਨ ਘੰਟੇ ਬਾਅਦ ਡੀ. ਕੋਰੀਆ ਨੇ ਜਵਾਬੀ ਕਾਰਵਾਈ ਕੀਤੀ। ਉੱਤਰੀ ਕੋਰੀਆ ਦੀਆਂ ਕਾਰਵਾਈਆਂ ਉਸ ਦੇ ਖੇਤਰ ਦੀ "ਅਸਵੀਕਾਰਨਯੋਗ" ਉਲੰਘਣਾ ਹੈ। ਜਵਾਬੀ ਕਾਰਵਾਈ 'ਚ ਇਸ ਨੇ ਤਿੰਨ ਹਵਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾਗੀਆਂ, ਜੋ ਉੱਤਰੀ ਸੀਮਾ ਰੇਖਾ ਤੋਂ ਬਰਾਬਰ ਦੀ ਦੂਰੀ 'ਤੇ ਡਿੱਗੀਆਂ।

ਬੀਬੀਸੀ ਦੀ ਰਿਪੋਰਟ ਦੇ ਅਨੁਸਾਰ, ਦੱਖਣੀ ਕੋਰੀਆ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਬੁੱਧਵਾਰ ਨੂੰ ਘੱਟੋ-ਘੱਟ 10 ਮਿਜ਼ਾਈਲਾਂ ਦਾਗੀਆਂ। ਮੰਨਿਆ ਜਾ ਰਿਹਾ ਹੈ ਕਿ ਉੱਤਰੀ ਕੋਰੀਆ ਇਸ ਹਫਤੇ ਅਮਰੀਕਾ ਅਤੇ ਅਮਰੀਕਾ ਵਿਚਾਲੇ ਪ੍ਰੀਖਣ ਕਰੇਗਾ। ਕੋਰੀਆ ਵੱਲੋਂ ਕੀਤੇ ਜਾ ਰਹੇ ਸਾਂਝੇ ਫੌਜੀ ਅਭਿਆਸ ਦੇ ਜਵਾਬ ਵਿੱਚ।


ਬੁੱਧਵਾਰ ਸਵੇਰੇ 9 ਵਜੇ ਤੋਂ ਠੀਕ ਪਹਿਲਾਂ ਕੋਰੀਆ ਦੁਆਰਾ ਦਾਗੀ ਗਈ ਘੱਟੋ-ਘੱਟ ਇੱਕ ਮਿਜ਼ਾਈਲ ਸਰਹੱਦ ਦੇ ਲਗਭਗ 26 ਕਿਲੋਮੀਟਰ ਦੱਖਣ, ਸੋਕਚੋ ਤੋਂ 57 ਕਿਲੋਮੀਟਰ ਪੂਰਬ ਅਤੇ ਉਲੇਂਗ ਟਾਪੂ ਦੇ 167 ਕਿਲੋਮੀਟਰ ਉੱਤਰ ਪੱਛਮ ਵਿੱਚ ਡਿੱਗੀ। ਦੱਖਣੀ ਉੱਤਰੀ ਕੋਰੀਆ ਵੱਲੋਂ ਮਿਜ਼ਾਈਲਾਂ ਦਾਗੇ ਜਾਣ ਤੋਂ ਬਾਅਦ ਕੋਰੀਆ ਨੇ ਬੁੱਧਵਾਰ ਨੂੰ ਪੂਰਬੀ ਸਾਗਰ ਖੇਤਰ ਵਿੱਚ ਆਪਣੇ ਕੁਝ ਹਵਾਈ ਮਾਰਗ ਬੰਦ ਕਰ ਦਿੱਤੇ।

ਦੱਖਣੀ ਕੋਰੀਆ ਦੇ ਭੂਮੀ, ਬੁਨਿਆਦੀ ਢਾਂਚਾ ਅਤੇ ਆਵਾਜਾਈ ਮੰਤਰਾਲੇ ਨੇ ਕਿਹਾ ਕਿ ਪੂਰਬੀ ਸਾਗਰ ਵਿੱਚ ਕੁਝ ਹਵਾਈ ਮਾਰਗ 02 ਨਵੰਬਰ ਨੂੰ ਸਵੇਰੇ 10.58 ਵਜੇ ਤੋਂ 03 ਨਵੰਬਰ ਨੂੰ ਸਵੇਰੇ 11.05 ਵਜੇ ਤੱਕ ਬੰਦ ਰਹਿਣਗੇ। ਮੰਤਰਾਲੇ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਥਾਨਕ ਏਅਰਲਾਈਨਾਂ ਨੂੰ ਅਮਰੀਕਾ ਅਤੇ ਜਾਪਾਨ ਦੇ ਰੂਟਾਂ ਰਾਹੀਂ ਉਡਾਣ ਭਰਨ ਦੀ ਸਲਾਹ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ 'ਚ ਏਅਰਲਾਈਨਜ਼ ਪੂਰਬੀ ਸਾਗਰ ਰਾਹੀਂ 33 ਉਡਾਣਾਂ ਚਲਾਉਂਦੀਆਂ ਹਨ। ਇਨ੍ਹਾਂ ਵਿੱਚੋਂ 32 ਅਮਰੀਕਾ ਲਈ ਅਤੇ ਇੱਕ ਜਾਪਾਨ ਲਈ ਕੰਮ ਕਰਦੇ ਹਨ।

## ਸੀਆਰਪੀਐਫ ਵਿੱਚ ਪਹਿਲੀ ਵਾਰ ਦੋ ਮਹਿਲਾ ਅਧਿਕਾਰੀਆਂ ਨੂੰ ਆਈਜੀ ਰੈਂਕ ਮਿਲਿਆ

ਨਵੀਂ ਦਿੱਲੀ, 02 ਨਵੰਬਰ (ਪੋਸਟ ਬਿਊਰੋ)- ਕੇਂਦਰੀ ਰਿਜ਼ਰਵ ਪੁਲਸ ਬਲ (ਸੀ.ਆਰ.ਪੀ.ਐੱਫ.) 'ਚ ਪਹਿਲੀ ਮਹਿਲਾ ਬਟਾਲੀਅਨ ਦੇ ਗਠਨ ਤੋਂ ਬਾਅਦ 35 ਸਾਲਾਂ 'ਚ ਪਹਿਲੀ ਵਾਰ ਦੋ ਮਹਿਲਾ ਅਧਿਕਾਰੀਆਂ ਨੂੰ ਇੰਸਪੈਕਟਰ ਜਨਰਲ (ਆਈਜੀ) ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ। ਆਈਜੀ ਸੀਆਰਪੀਐਫ ਵਿੱਚ ਇੱਕ ਸੈਕਟਰ ਦਾ ਮੁਖੀ ਹੈ। ਇਨ੍ਹਾਂ ਦੋਵਾਂ ਮਹਿਲਾ ਅਧਿਕਾਰੀਆਂ ਨੂੰ 1987 ਵਿੱਚ ਭਰਤੀ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੀਆਰਪੀਐਫ ਹੈੱਡਕੁਆਰਟਰ ਵਲੋਂ ਜਾਰੀ ਹੁਕਮਾਂ ਅਨੁਸਾਰ ਐਨੀ ਅਬਰਾਹਮ ਨੂੰ ਰੈਪਿਡ ਐਕਸ਼ਨ ਫੋਰਸ (ਆਰਏਐਫ) ਦਾ ਆਈਜੀ ਨਿਯੁਕਤ ਕੀਤਾ ਗਿਆ ਹੈ, ਸੀਮਾ ਧੂੰਦੀਆ ਨੂੰ ਬਿਹਾਰ ਸੈਕਟਰ ਦਾ ਆਈਜੀ ਬਣਾਇਆ ਗਿਆ ਹੈ।

ਇਹ ਪਹਿਲੀ ਵਾਰ ਹੈ ਜਦੋਂ ਆਰਏਐਫ ਦੀ ਅਗਵਾਈ ਇੱਕ ਮਹਿਲਾ ਆਈਜੀ ਕਰੇਗੀ। ਐਨੀ ਅਬਰਾਹਮ ਨੇ ਦੱਸਿਆ, "ਅਸੀਂ 1986 ਵਿੱਚ ਸੀਆਰਪੀਐਫ ਵਿੱਚ ਸ਼ਾਮਲ ਹੋਏ ਅਤੇ ਇੱਕ ਸਾਲ ਬਾਅਦ ਭਰਤੀ ਹੋਏ। ਅਸੀਂ ਕਈ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕੀਤਾ ਹੈ।" ਐਨੀ ਨੇ ਦੱਸਿਆ ਕਿ ਸਿਖਲਾਈ ਤੋਂ ਬਾਅਦ ਉਸ ਨੂੰ ਅਯੁੱਧਿਆ ਵਿੱਚ ਪੋਸਟਿੰਗ ਦਿੱਤੀ ਗਈ ਸੀ। ਉਸਨੇ ਕਿਹਾ, "ਇਹ ਸ਼ੁਰੂਆਤੀ ਦਿਨ ਸਨ ਅਤੇ ਝੜਪਾਂ ਅਜੇ ਸ਼ੁਰੂ ਹੋਈਆਂ ਸਨ ਪਰ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ।" ਦੋਵੇਂ ਅਫਸਰਾਂ ਨੇ ਸੰਯੁਕਤ ਰਾਸ਼ਟਰ (ਯੂ.ਐਨ.) ਵਿੱਚ ਭਾਰਤੀ ਪੁਲਿਸ ਦਲ ਦੀ ਵੀ ਕਮਾਂਡ ਕੀਤੀ ਹੈ। ਸੀਆਰਪੀਐਫ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਸ਼ੇਸ਼ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ, ਸ਼ਾਨਦਾਰ ਸੇਵਾ ਲਈ ਪੁਲਿਸ ਮੈਡਲ ਅਤੇ 'ਅਤਿ ਉਤਕ੍ਰਿਸ਼ਟ ਸੇਵਾ ਮੈਡਲ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।




## ਲੱਕੜ ਦੇ ਦਰਵਾਜ਼ਿਆਂ 'ਚ ਲੁਕਾ ਕੇ ਬਿਹਾਰ ਲਿਜਾਈ ਜਾ ਰਹੀ ਹਜ਼ਾਰਾਂ ਬੋਤਲਾਂ ਸ਼ਰਾਬ ਫੜ੍ਹੀ



ਨਵੀਂ ਦਿੱਲੀ, 02 ਨਵੰਬਰ (ਪੋਸਟ ਬਿਊਰੋ)- ਬਾਹਰੀ ਉੱਤਰੀ ਜ਼ਿਲ੍ਹਾ ਪੁਲਿਸ ਨੇ ਲੱਕੜ ਦੇ ਦਰਵਾਜ਼ਿਆਂ ਵਿੱਚ ਲੁਕਾ ਕੇ ਦਿੱਲੀ ਤੋਂ ਬਿਹਾਰ ਨੂੰ ਖਰੀਦੀ ਗਈ ਸ਼ਰਾਬ ਸਪਲਾਈ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਕੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ ਇੱਕ ਟੈਂਪੂ, 2112 ਮਿਨੀਚਰ 90 ਮਿਲੀਲੀਟਰ ਅਤੇ ਲੱਕੜ ਦੇ ਛੇ ਡੋਰ ਬਰਾਮਦ ਕੀਤੇ ਗਏ ਹਨ। ਫਿਲਹਾਲ ਪੁਲਸ ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਕੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਲੋਕ ਕਦੋਂ ਤੋਂ ਸ਼ਰਾਬ ਦੀ ਤਸਕਰੀ ਕਰ ਰਹੇ ਸਨ।

ਪੁਲੀਸ ਅਨੁਸਾਰ ਜ਼ਿਲ੍ਹੇ ਦੇ ਸਪੈਸ਼ਲ ਸਟਾਫ਼ ਦੀ ਟੀਮ ਨਾਜਾਇਜ਼ ਸ਼ਰਾਬ ਸਪਲਾਈ ਕਰਨ ਦੀ ਗਤੀਵਿਧੀ ਨੂੰ ਰੋਕਣ ਲਈ ਲੱਗੀ ਹੋਈ ਸੀ। ਇਸੇ ਦੌਰਾਨ ਪੁਲੀਸ ਨੂੰ ਮੁਖ਼ਬਰ ਤੋਂ ਸੂਚਨਾ ਮਿਲੀ ਕਿ ਬੁੱਧਵਾਰ ਸਵੇਰੇ ਦੋ ਤਸਕਰ ਸ਼ਰਾਬ ਦੀਆਂ ਬੋਤਲਾਂ ਨੂੰ ਟੈਂਪੂ ਵਿੱਚ ਲੱਦ ਕੇ ਲੱਕੜ ਦੇ ਦਰਵਾਜ਼ਿਆਂ ਵਿੱਚ ਛੁਪਾ ਕੇ ਦਿੱਲੀ ਤੋਂ ਬਿਹਾਰ ਵੱਲ ਲਿਜਾ ਰਹੇ ਹਨ।

ਇਸ ਖ਼ਬਰ ਦੀ ਪੁਸ਼ਟੀ ਕਰਦਿਆਂ ਟੀਮ ਨੇ ਜਨਤਾ ਫਲੈਟ ਸੈਕਟਰ 25 ਰੋਹਿਣੀ ਨੇੜੇ ਜਾਲ ਵਿਛਾ ਕੇ ਇੱਕ ਟੈਂਪੂ ਨੂੰ ਰੋਕਿਆ, ਜਿਸ ਵਿੱਚ ਡਰਾਈਵਰ ਰੋਸ਼ਨ ਅਤੇ ਸਰਵਜੀਤ ਸਿੰਘ ਬੈਠੇ ਸਨ। ਦੋਵਾਂ ਨੂੰ ਟੀਮ ਨੇ ਫੜ੍ਹ ਲਿਆ। ਜਦੋਂ ਟੈਂਪੂ ਦੀ ਜਾਂਚ ਕੀਤੀ ਗਈ ਤਾਂ ਇਸ ਵਿੱਚ ਕੁੱਲ ਛੇ ਪਲਾਈ ਲੱਕੜ ਦੇ ਦਰਵਾਜ਼ੇ ਲੱਦੇ ਹੋਏ ਸਨ, ਜਦੋਂ ਕਿ ਸਾਰੇ ਦਰਵਾਜ਼ੇ ਛੀਨੀ ਅਤੇ ਹਥੌੜੇ ਦੀ ਮਦਦ ਨਾਲ ਖੋਲ੍ਹੇ ਗਏ ਸਨ, ਤਾਂ ਰਾਇਲ ਗ੍ਰੀਨ ਵਿਸਕੀ ਦੀਆਂ ਕੁੱਲ 2112 ਮਿਨੀਚਰ ਪੰਜਾਬ ਵਿੱਚ ਵਿਕਰੀ ਲਈ ਪਾਈਆਂ ਗਈਆਂ ਸਨ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਬਿਹਾਰ ਵਿੱਚ ਨਾਜਾਇਜ਼ ਸ਼ਰਾਬ ਦੀ ਤਸਕਰੀ ਕਰ ਰਹੇ ਹਨ। ਫਿਲਹਾਲ ਪੁਲਸ ਦੋਵਾਂ ਤੋਂ ਪੁੱਛਗਿੱਛ ਕਰ ਰਹੀ ਹੈ।




## ਸਰਕਾਰੀ ਕੰਟੀਨ ਦੇ ਭਾਂਡੇ ਚੱਟਦੇ ਹੋਏ ਸੂਰ, ਵੀਡੀਓ ਹੋਈ ਵਾਇਰਲ



ਨਵੀਂ ਦਿੱਲੀ, 02 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਸਰਕਾਰ ਨੇ ਕੋਵਿਡ ਦੇ ਸਮੇਂ ਦੌਰਾਨ ਲੋਕਾਂ ਨੂੰ ਸਸਤਾ ਭੋਜਨ ਮੁਹੱਈਆ ਕਰਵਾਉਣ ਲਈ ਇੰਦਰਾ ਰਸੋਈ ਯੋਜਨਾ ਦੇ ਤਹਿਤ ਰਾਜ ਭਰ ਵਿੱਚ ਕਈ ਸਰਕਾਰੀ ਕੰਟੀਨਾਂ ਖੋਲ੍ਹੀਆਂ ਸਨ। ਉਸ ਦੌਰਾਨ ਇਹ ਕੰਟੀਨ ਆਪਣੇ ਸਸਤੇ ਅਤੇ ਸਵਾਦਿਸ਼ਟ ਭੋਜਨ ਨੂੰ ਲੈ ਕੇ ਕਾਫੀ ਚਰਚਾ 'ਚ ਰਹੀ ਸੀ। ਹੁਣ ਇੱਕ ਵਾਰ ਫਿਰ ਇਹ ਕੰਟੀਨ ਚਰਚਾ ਵਿੱਚ ਹਨ ਪਰ ਗਲਤ ਕਾਰਨਾਂ ਕਰਕੇ।

ਦਰਅਸਲ, ਸੋਸ਼ਲ ਮੀਡੀਆ 'ਤੇ ਅਜਿਹੀ ਹੀ ਇਕ ਕੰਟੀਨ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਸੂਰ ਸਫਾਈ ਲਈ ਰੱਖੇ ਭਾਂਡੇ ਚੱਟਦੇ ਨਜ਼ਰ ਆ ਰਹੇ ਹਨ। ਵਾਇਰਲ ਹੋਇਆ ਇਹ ਵੀਡੀਓ ਐੱਮਐੱਸਜੇ ਕਾਲਜ ਭਰਤਪੁਰ ਦੀ ਦੱਸੀ ਜਾ ਰਹੀ ਹੈ। ਇਸ ਘਟਨਾ ਬਾਰੇ ਭਰਤਪੁਰ ਦੇ ਮੇਅਰ ਨੇ ਕਿਹਾ ਕਿ ਮੈਂ ਇਹ ਵੀਡੀਓ ਦੇਖੀ ਹੈ। ਫਿਲਹਾਲ ਅਸੀਂ ਇਸ ਪੂਰੇ ਮਾਮਲੇ ਦੀ ਜਾਂਚ ਕਰ ਰਹੇ ਹਾਂ। ਇਹ ਸਾਰਾ ਮਾਮਲਾ ਅਣਗਹਿਲੀ ਦਾ ਜਾਪਦਾ ਹੈ। ਇਸ ਮਾਮਲੇ ਵਿੱਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਕੰਟੀਨ ਮਾਲਕ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ।

# ਬੱਚਿਆਂ ਲਈ ਸਰੀਰਕ ਖੇਡਾਂ ਜ਼ਰੂਰੀ

-ਪ੍ਰਿੰ. ਸਰਵਣ ਸਿੰਘ



ਇੱਕੀਵੀਂ ਸਦੀ ਨੂੰ ਕੰਪਿਊਟਰ, ਮੋਬਾਈਲ ਤੇ ਇੰਟਰਨੈੱਟ ਦਾ ਯੁਗ ਕਿਹਾ ਜਾ ਰਿਹੈ। ਇਸ ਦੌਰ ਦੀਆਂ ਖੇਡਾਂ ਵੀ ਕੰਪਿਊਟਰੀ ਹੋ ਰਹੀਐਂ। ਬੱਚੇ ਬੈਠੇ ਬਿਠਾਏ ਕੰਪਿਊਟਰੀ ਖੇਡਾਂ ਵਿਚ ਮਸਤ ਹੋ ਰਹੇ ਨੇ। ਬਹੁਤ ਸਾਰੇ ਮਾਪੇ ਵੀ ਆਪਣੇ ਬੱਚਿਆਂ ਨੂੰ ਅਜਿਹੀਆਂ ਖੇਡਾਂ ਵਿਚ ਮਸਤ ਵੇਖ ਕੇ ਮਸਤ ਨੇ। ਅਖੇ ਸਾਡਾ ਬੱਚਾ ਸਮੇਂ ਦੇ ਹਾਣ ਦਾ ਹੋ ਰਿਹੈ! ਇਨਫਰਮੇਸ਼ਨ ਟੈਕਨਾਲੋਜੀ ਦੇ ਲੜ ਲੱਗ ਰਿਹੈ। ਇਹਦੇ ਵਿਚ ਈ ਇਹਦਾ 'ਕੈਰੀਅਰ' ਏ। ਕੀ ਲੈਣੈ ਇਹਨੇ ਸਰੀਰਕ ਖੇਡਾਂ ਤੋਂ? ਕਿਉਂ ਸਮਾਂ ਜ਼ਾਇਆ ਕਰੇ ਜ਼ੋਰ ਲਾਉਣ ਵਾਲੀਆਂ ਖੇਡਾਂ 'ਤੇ? ਕਿਉਂ ਹੋਵੇ ਮੁੜ੍ਹਕੋ-ਮੁੜ੍ਹਕੀ? ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਸਰੀਰ ਨਾਲ ਹੀ ਦਿਮਾਗ਼ ਹੈ। ਸਿਆਣਿਆਂ ਨੇ ਬਹੁਤ ਪਹਿਲਾਂ ਕਿਹਾ ਸੀ ਕਿ ਤੇਜ਼ ਦਿਮਾਗ਼ ਦਾ ਵਾਸ ਤਕੜੇ ਸਰੀਰ ਵਿਚ ਹੀ ਹੋ ਸਕਦੈ। ਸਿਹਤ ਨਹੀਂ ਤਾਂ ਕੁਝ ਵੀ ਨਹੀਂ। ਸਰੀਰੋਂ ਮਾੜੇ ਬਿਮਾਰ ਬੰਦੇ ਲਈ ਧਨ ਦੌਲਤ, ਹੁਸਨ, ਜੁਆਨੀ, ਇਸ਼ਕ, ਖ਼ੁਸ਼ੀ ਖੇੜੇ ਤੇ ਪ੍ਰਸੰਨ ਲੰਮੀ ਉਮਰ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਜਾਨ ਨਾਲ ਈ ਜਹਾਨ ਐ। ਜਾਨਦਾਰ ਬੰਦੇ ਨੂੰ ਹੀ ਦੁਨੀਆ ਸੋਹਣੀ ਲੱਗਦੀ ਐ। ਹਰ ਬੱਚੇ ਅੰਦਰ ਹਾਕੀ ਦਾ 'ਗੋਲ ਕਿੰਗ' ਬਲਬੀਰ ਸਿੰਘ ਮੌਜੂਦ ਹੁੰਦੈ ਤੇ ਹਰੇਕ ਅੰਦਰ 'ਫਲਾਈਂਗ ਸਿੱਖ' ਮਿਲਖਾ ਸਿੰਘ। ਕਿਸੇ ਅੰਦਰੋਂ ਜਾਗ ਪੈਂਦੈ, ਕਿਸੇ ਅੰਦਰ ਸੁੱਤਾ ਰਹਿੰਦੈ। ਕੋਈ ਜਗਾਉਂਦਾ ਈ ਨਹੀਂ। ਊਧਮ ਸਿੰਘ, ਬਿਸ਼ਨ ਸਿੰਘ ਬੇਦੀ, ਜਰਨੈਲ ਸਿੰਘ, ਪ੍ਰਿਥੀਪਾਲ ਸਿੰਘ, ਕਰਤਾਰ ਸਿੰਘ, ਪਰਗਟ ਸਿੰਘ ਤੇ ਅਭਿਨਵ ਬਿੰਦਰਾ ਵਰਗੇ ਖਿਡਾਰੀ ਬੱਚਿਆਂ ਅੰਦਰੋਂ ਜਾਗ ਕੇ ਹੀ ਵੱਡੇ ਹੁੰਦੇ ਰਹੇ। ਉਨ੍ਹਾਂ ਦੀ ਮਹਿਮਾਂ ਦੂਰ ਦੂਰ ਤਕ ਪਹੁੰਚੀ। ਹਰ ਬੱਚਾ ਗੁਣਾਂ ਦੀ ਖਾਣ ਹੁੰਦੈ। ਉਸ ਨੂੰ ਯੋਗ ਹਾਲਾਤ ਮਿਲ ਜਾਣ ਤਾਂ ਉਹ ਕੁਝ ਵੀ ਕਰ ਸਕਦੈ। ਉਹ ਖੇਡਾਂ ਦਾ ਕੌਮੀ/ਕੌਮਾਂਤਰੀ ਚੈਂਪੀਅਨ ਬਣ ਸਕਦੈ, ਨਾਮੀ ਕਲਾਕਾਰ, ਡਾਕਟਰ, ਵਕੀਲ, ਇੰਜਨੀਅਰ, ਸਿਆਸਤਦਾਨ ਤੇ ਵੱਡਾ ਵਿਦਵਾਨ ਯਾਨੀ ਕੁਝ ਵੀ ਬਣ ਕੇ ਵਿਖਾ ਸਕਦੈ। ਨਾ ਧਿਆਨ ਦੇਈਏ ਤਾਂ ਬਦਮਾਸ਼, ਚੋਰ, ਡਾਕੂ ਵੀ ਬਣ ਸਕਦੈ। ਬੱਚੇ ਅੰਦਰ ਕੁਝ ਵੀ ਬਣਨ ਦੀਆਂ ਅਥਾਹ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ ਲੋੜ ਉਨ੍ਹਾਂ ਨੂੰ ਪਛਾਣਨ ਦੀ ਹੈ ਤੇ ਦੂਜੀ ਉਨ੍ਹਾਂ ਨੂੰ ਸਾਣ ਚਾੜ੍ਹਨ ਦੀ। ਅਜੋਕੇ ਦੌਰ 'ਚ ਆਮ ਮਾਪਿਆਂ ਦੇ ਸਿਰਾਂ ਉਤੇ ਆਪਣੇ ਬੱਚਿਆਂ ਦਾ ਵਧੀਆ 'ਕੈਰੀਅਰ' ਬਣਾਉਣ ਦਾ ਭੂਤ ਸਵਾਰ ਹੈ। 'ਵਧੀਆ' ਕੈਰੀਅਰ ਬਣਾਉਂਦਿਆਂ ਉਨ੍ਹਾਂ ਨੇ ਬੱਚਿਆਂ ਦਾ ਬਚਪਨ ਖੋਹ ਲਿਆ ਹੈ ਤੇ ਜੁਆਨਾਂ ਦੀ ਜੁਆਨੀ। ਖੇਡਣ ਮੱਲ੍ਹਣ ਵਾਲੇ ਬਾਦਸ਼ਾਹੀ ਬਚਪਨ ਨੂੰ ਪੜ੍ਹਾਈ ਲਿਖਾਈ ਦੇ ਬਸਤਿਆਂ 'ਚ ਦੱਬ ਦਿੱਤਾ ਹੈ ਤੇ ਵਿਆਹ ਸ਼ਾਦੀ ਵਾਲੀ ਜੁਆਨੀ ਕੈਰੀਅਰ ਦੀਆਂ ਮੰਜ਼ਿਲਾਂ ਮਾਰਨ ਦੇ ਲੇਖੇ ਲਾ ਦਿੱਤੀ ਹੈ! ਵਿਆਹ ਸ਼ਾਦੀਆਂ ਹੁਣ ਢਲਦੀ ਜੁਆਨੀ 'ਚ ਹੋਣ ਲੱਗੀਆਂ ਹਨ ਤੇ ਬੁਢੇਪਾ ਜੁਆਨੀ ਦੇ ਝੋਰੇ ਝੁਰਦਿਆਂ ਲੰਘਦਾ ਹੈ। ਜਿਸ ਜੀਵਨ ਵਿਚ ਨਾ ਬਚਪਨ ਮਾਣਿਆਂ ਜਾ ਸਕੇ, ਨਾ ਜੁਆਨੀ, ਉਹ ਕਾਹਦਾ ਜੀਵਨ! ਕੁਦਰਤੀ ਵਹਾਅ ਦੇ ਉਲਟ ਵਹਿਣ ਦਾ ਨਤੀਜਾ ਵੀ ਉਲਟ ਈ ਨਿਕਲਦੈ। ਅਨੇਕਾਂ ਬੱਚਿਆਂ ਨੂੰ ਪੜ੍ਹਾਈ ਲਿਖਾਈ ਦੇ ਬੋਝ ਥੱਲੇ ਏਨਾ ਦੱਬ ਦਿੱਤਾ ਜਾਂਦੈ ਕਿ ਸਰੀਰਕ ਖੇਡਾਂ ਖੇਡਣ ਦਾ ਕੋਈ ਵਕਤ ਈ ਨਹੀਂ ਬਚਦਾ। ਕੋਈ



ਪ੍ਰਿੰ. ਸਰਵਣ ਸਿੰਘ

ਕਸਰਤ ਨਹੀਂ ਹੁੰਦੀ, ਕੋਈ ਜ਼ੋਰ ਨਹੀਂ ਲੱਗਦਾ, ਜਿਸ ਕਰਕੇ ਸਰੀਰ ਨਾ ਜ਼ੋਰ-ਾਵਰ ਬਣਦੈ ਨਾ ਹੰਢਣਸਾਰ। ਅਜਿਹੇ ਬੱਚੇ ਪੜ੍ਹਾਈ ਲਿਖਾਈ ਵਿਚ ਤਾਂ ਚੰਗੇ ਨੰਬਰ ਲੈ ਜਾਂਦੇ ਨੇ ਪਰ ਸਿਹਤ ਪੱਖੋਂ ਨਿੱਘਰ ਜਾਂਦੇ ਨੇ।

ਜੇਕਰ ਕੈਰੀਅਰ ਬਣਾਉਣ ਦੀ ਗੱਲ ਹੀ ਕਰਨੀ ਹੋਵੇ ਤਾਂ ਪੜ੍ਹਾਈ ਲਿਖਾਈ ਦੇ ਨਾਲ ਜ਼ੋਰ ਲੁਆਉਣ ਵਾਲੀਆਂ ਖੇਡਾਂ ਖੇਡ ਕੇ ਕੈਰੀਅਰ ਹੋਰ ਵੀ ਚੰਗਾ ਬਣ ਸਕਦੈ। ਅਜਿਹੇ ਸੁਆਲ ਅਕਸਰ ਪੁੱਛੇ ਜਾਂਦੇ ਨੇ ਕਿ ਬੱਚਿਆਂ ਨੂੰ ਕਿਹੜੀਆਂ ਖੇਡਾਂ ਵਿਚ ਪਾਈਏ? ਖੇਡਾਂ ਬਹੁਤ ਹਨ ਤੇ ਹਰ ਖੇਡ ਦੀ ਆਪਣੀ ਅਹਿਮੀਅਤ ਹੈ। ਕਈ ਖੇਡਾਂ ਨਿਰੀਆਂ ਦਿਮਾਗੀ ਹੁੰਦੀਆਂ ਹਨ ਤੇ ਕਈ ਦਿਮਾਗੀ ਹੋਣ ਦੇ ਨਾਲ ਜਿਸਮਾਨੀ ਵੀ ਹੁੰਦੀਆਂ ਹਨ। ਬੱਚਿਆਂ ਨੂੰ ਦੋਹਾਂ ਤਰ੍ਹਾਂ ਦੀਆਂ ਖੇਡਾਂ ਪਸੰਦ ਹਨ। ਅਖ਼ਬਾਰੀ ਬੁਝਾਰਤਾਂ, ਤਾਸ਼, ਸ਼ਤਰੰਜ, ਕੰਪਿਊਟਰ ਤੇ ਆਈ ਪੌਡ ਦੀਆਂ ਖੇਡਾਂ ਨਿਰੋਲ ਦਿਮਾਗੀ ਹਨ। ਜੁੱਸੇ ਦਾ ਇਨ੍ਹਾਂ ਵਿਚ ਕੋਈ ਜ਼ੋਰ ਨਹੀਂ ਲੱਗਦਾ ਜਿਸ ਕਰਕੇ ਸਰੀਰਕ ਕਸਰਤ ਨਹੀਂ ਹੁੰਦੀ। ਆਮ ਵੇਖਿਆ ਗਿਐ ਕਿ ਜਿਹੜੇ ਬੱਚੇ ਸਰੀਰਕ ਜ਼ੋਰ ਲੁਆਉਣ ਵਾਲੀਆਂ ਖੇਡਾਂ ਨਹੀਂ ਖੇਡਦੇ ਉਹ ਸਿਹਤ ਪੱਖੋਂ ਕਮਜ਼ੋਰ ਰਹਿ ਜਾਂਦੇ ਨੇ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਨੇ। ਉਨ੍ਹਾਂ ਨੂੰ ਨਾ ਪੂਰੀ ਭੁੱਖ ਲੱਗਦੀ ਹੈ ਤੇ ਨਾ ਪੂਰੀ ਨੀਂਦ ਆਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕੁਦਰਤੀ ਜਜ਼ਬੇ 'ਨੱਚਣ ਕੁੱਦਣ ਮਨ ਕਾ ਚਾਓ' ਅਨੁਸਾਰ ਬੱਚਿਆਂ ਨੂੰ ਦੌੜਨ ਕੁੱਦਣ ਵਾਲੀਆਂ ਖੇਡਾਂ ਖੇਡਣ ਦੇ ਵੀ ਮੌਕੇ ਮੁਹੱਈਆ ਕਰਵਾਏ ਜਾਣ। ਬੱਚਿਆਂ ਦੀ ਬਿਹਤਰ ਸਿਹਤ ਤੇ ਚੰਗੇ ਕੈਰੀਅਰ ਬਣਾਉਣ ਲਈ ਸੰਤੁਲਤ ਪਹੁੰਚ ਅਪਨਾਉਣ ਦੀ ਲੋੜ ਹੈ ਨਾ ਕਿ ਇਕੋ ਪਾਸੇ ਉਲਾਰ ਹੋਣ ਦੀ। ਹੁਣ ਤਾਂ ਜ਼ੋਰ ਵਾਲੀਆਂ ਖੇਡਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ੇ ਵੀ ਹਨ, ਵਾਧੂ ਅੰਕ ਵੀ, ਵਿਸ਼ੇਸ਼ ਕੋਰਸਾਂ ਵਿਚ ਦਾਖਲੇ ਲਈ ਰਿਜ਼ਰਵ ਸੀਟਾਂ ਵੀ ਤੇ ਮਹਿਕਮਿਆਂ ਵਿੱਚ ਰਾਖਵੀਆਂ ਨੌਕਰੀਆਂ ਵੀ। ਹੁਣ ਖੇਡਾਂ ਵਿੱਚ ਲੱਖਾਂ ਨਹੀਂ ਕਰੋੜਾਂ ਦੇ ਇਨਾਮ ਹਨ ਤੇ ਮਾਨ ਸਨਮਾਨ ਵਾਧੂ ਦੇ। ਕੋਈ ਅੱਗੇ ਵਧ ਕੇ ਤਾਂ ਵਿਖਾਵੇ! ਬੱਚਿਆਂ ਨੂੰ ਖੇਡਾਂ ਵਿਚ ਪਾਉਣ ਲਈ ਕੋਈ ਤਰੱਦਦ ਵੀ ਨਹੀਂ ਕਰਨਾ ਪੈਂਦਾ ਕਿਉਂਕਿ ਉਨ੍ਹਾਂ ਵਿਚ ਖੇਡਾਂ ਖੇਡਣ ਦੀ ਖਿੱਚ ਕੁਦਰਤੀ ਹੁੰਦੀ ਹੈ। ਦਿਮਾਗੀ ਖੇਡਾਂ ਲਈ ਵੀ ਤੇ ਸਰੀਰਕ ਖੇਡਾਂ ਲਈ ਵੀ। ਮੈਥੋਂ ਅਕਸਰ ਪੁੱਛਿਆ ਜਾਂਦੈ ਕਿ ਬੱਚਿਆਂ ਨੂੰ ਫਿਰ ਕਿਹੜੀਆਂ ਸਰੀਰਕ ਖੇਡਾਂ ਵਿਚ ਪਾਈਏ? ਅੱਜ ਕੱਲ੍ਹ ਕਿਹੜੀ ਖੇਡ ਦੀ ਕਦਰ ਵੱਧ ਹੈ? ਕਿਹੜੀ ਖੇਡ 'ਚ ਬੱਚੇ ਦਾ ਕੈਰੀਅਰ ਵਧੀਆ ਬਣ ਸਕਦੈ? ਆਮ ਵੇਖਿਆ ਜਾਂਦੈ ਕਿ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਕੋਰਸਾਂ ਦੀ ਚੋਣ ਵੀ ਇਹ ਵੇਖ ਕੇ ਕਰਦੇ ਨੇ ਕਿ ਕਿਸ ਕੋਰਸ ਦੀ ਵਧੇਰੇ ਕਦਰ ਕੀਮਤ ਹੈ? ਮਤਲਬ ਕਿਹੜਾ ਕੋਰਸ ਕਰਨ ਨਾਲ ਚੰਗੀ ਨੌਕਰੀ ਮਿਲ ਸਕਦੀ ਹੈ? ਬੱਚੇ ਦੀ ਰੁਚੀ ਵੇਖਣ ਦੀ ਥਾਂ ਅਕਸਰ ਏਹੋ ਆਖਿਆ ਜਾਂਦੈ, "ਰੁਚੀ-ਰਚੀ ਨੂੰ ਛੱਡੋ ਜੀ, ਬੱਚੇ ਦਾ ਕੈਰੀਅਰ ਦੇਖੋ, ਫਿਊਚਰ ਦੇਖੋ...।" ਪੜ੍ਹਾਈ ਹੋਵੇ ਜਾਂ ਖੇਡ ਹੋਵੇ ਬੱਚੇ ਦੀ ਰੁਚੀ ਦੇ ਉਲਟ ਚੱਲਣ ਨਾਲ ਨਤੀਜਾ ਉਮੀਦ ਦੇ ਉਲਟ ਈ ਨਿਕਲਦੈ। ਬੱਚੇ ਦੀ ਜਿਸ ਖੇਡ ਵਿਚ ਰੁਚੀ ਨਾ ਹੋਵੇ ਜਾਂ ਬੱਚੇ ਦਾ ਜੁੱਸਾ ਉਸ ਖੇਡ ਦੇ ਅਨੁਕੂਲ ਨਾ ਹੋਵੇ ਤਾਂ ਉਸ ਖੇਡ ਵਿਚ ਪਾਇਆ ਬੱਚਾ ਚੰਗੇ ਨਤੀਜੇ ਨਹੀਂ ਦੇ ਸਕਦਾ। ਚਾਹੁਣ ਨੂੰ ਤਾਂ ਹਰ ਮਾਪਾ ਚਾਹੁੰਦੈ ਕਿ ਉਸ ਦਾ ਬੱਚਾ ਚੋਟੀ ਦਾ ਖਿਡਾਰੀ ਹੋਵੇ ਅਤੇ ਏਸ਼ੀਆ ਜਾਂ ਓਲੰਪਿਕ ਖੇਡਾਂ ਦਾ ਚੈਂਪੀਅਨ ਬਣੇ। ਬਣ ਵੀ ਸਕਦੈ ਪਰ ਇਹਦੇ ਲਈ ਹਾਲਾਤ ਵੇਖਣੇ ਚਾਹੀਦੇ ਨੇ ਤੇ ਬੱਚੇ ਦੀ ਸਰੀਰਕ ਸਮਰੱਥਾ ਦਾ ਵੀ ਅੰਦਾਜ਼ਾ ਲਾਉਣਾ ਚਾਹੀਦੈ। ਖੇਡਾਂ ਵਿਚ ਵਿਕਸਤ ਮੁਲਕਾਂ ਨੇ ਐਸੇ ਟੈਸਟ ਵਿਕਸਤ ਕਰ ਲਏ ਨੇ ਜਿਨ੍ਹਾਂ ਰਾਹੀਂ ਬੱਚੇ ਦੀ ਕਿਸੇ ਖੇਡ ਲਈ ਸਮਰੱਥਾ ਅੰਕ ਲਈ ਜਾਂਦੀ ਹੈ। ਫਿਰ ਉਸ ਨੂੰ ਮੁੱਢ ਤੋਂ ਹੀ ਉੱਤਮ ਖੇਡ ਸਿਖਲਾਈ ਦੇ ਕੇ ਮਨਇੱਛਤ ਨਤੀਜੇ ਹਾਸਲ ਕੀਤੇ ਜਾਂਦੇ ਹਨ। ਪਹਿਲਾਂ ਸੋਵੀਅਤ ਰੂਸ ਨੇ ਤੇ ਫਿਰ ਚੀਨ ਨੇ ਅਜਿਹਾ ਕੀਤਾ ਹੈ ਤੇ ਓਲੰਪਿਕ ਖੇਡਾਂ ਵਿਚ ਸਭ ਤੋਂ ਵੱਧ ਮੈਡਲ ਜਿੱਤ ਵਿਖਾਏ ਹਨ।

ਭਾਰਤ ਵਰਗੇ ਦੇਸ਼ ਵਿਚ ਜਦੋਂ ਤਕ ਅਜਿਹਾ ਨਹੀਂ ਹੁੰਦਾ ਉਦੋਂ ਤਕ ਇਹ ਤਾਂ ਜ਼ਰੂਰ ਕਰ ਲੈਣਾ ਚਾਹੀਦੈ ਕਿ ਹਰ ਸਕੂਲ ਵਿਚ ਵਿਦਿਆਰਥੀਆਂ ਦੀ ਸਰੀਰਕ ਕਸਰਤ ਕਰਵਾਈ ਜਾਵੇ ਤੇ ਕੁਝ ਖੇਡਾਂ ਵੀ ਖਿਡਾਈਆਂ ਜਾਣ। ਅਜਿਹਾ ਕਰਨ ਨਾਲ ਬੱਚਿਆਂ ਦੇ ਸਰੀਰ ਚੰਗੀ ਤਰ੍ਹਾਂ ਮੌਲ ਸਕਦੇ ਹਨ ਤੇ ਉਹ ਸਰੀਰਕ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ ਤਿਆਰ ਹੋ ਸਕਦੇ ਹਨ। ਹਰ ਸਕੂਲ ਦੇ ਪੀਟੀਆਈ ਤੇ ਡੀਪੀਈ ਲਈ ਜ਼ਰੂਰੀ ਹੋਵੇ ਕਿ ਵਿਦਿਆਰਥੀਆਂ ਦੇ ਕਸਰਤੀ ਤੇ ਖੇਡਾਂ ਦੇ ਪੀਰੀਅਡ ਲਾਜ਼ਮੀ ਲਾਵੇ। ਪੰਜਾਹ ਸੱਠ ਸਾਲ ਪਹਿਲਾਂ ਜਦੋਂ ਅਸੀਂ ਸਕੂਲੇ ਪੜ੍ਹਦੇ ਸਾਂ ਤਾਂ ਅਜਿਹਾ ਕਰਨਾ ਲਾਜ਼ਮੀ ਸੀ। ਮੈਨੂੰ ਸਕੂਲ ਦੀ 'ਡਰਿੱਲ' ਅਜੇ ਤਕ ਭੁੱਲੀ। ਸਾਡੇ ਵਿਦਿਆਰਥੀਆਂ ਦੇ ਕਮਜ਼ੋਰ ਹੁੰਦੇ ਜਾ ਰਹੇ ਜੁੱਸਿਆਂ ਦਾ ਇਕ ਕਾਰਨ ਇਹ ਵੀ ਹੈ ਕਿ ਸਾਡੇ ਬਹੁਤ ਸਾਰੇ ਸਕੂਲਾਂ ਵਿਚ ਸਰੀਰਕ ਸਿੱਖਿਆ ਤੇ ਖੇਡਾਂ ਦਾ ਲਾਜ਼ਮੀ ਪੀਰੀਅਡ ਹੀ ਨਹੀਂ ਲੱਗਦਾ। ਬਹੁਤ ਸਾਰੇ ਸਕੂਲਾਂ ਵਿਚ ਸਰੀਰਕ ਸਿੱਖਿਆ ਦੇ ਅਧਿਆਪਕ ਜਾਂ ਖੇਡਾਂ ਦੇ ਇੰਸਟ੍ਰੱਕਟਰ ਹੈ ਹੀ ਨਹੀਂ ਤੇ ਜਿਥੇ ਹੈਨ ਵੀ ਉਥੇ ਵਿਹਲੇ ਬੈਠੇ ਜਾਂ ਬਿਠਾ ਰੱਖੇ ਹਨ। ਉਨ੍ਹਾਂ ਕੋਲ ਆਪਣਾ ਕੰਮ ਈਮਾਨਦਾਰੀ ਨਾਲ ਨਾ ਕਰ ਸਕਣ ਦੇ ਬਹਾਨਿਆਂ ਦੀ ਵੀ ਕੋਈ ਕਮੀ ਨਹੀਂ। ਪੁੱਛ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਕਿ ਹਜ਼ਾਰਾਂ ਪੀਟੀ ਤੇ ਡੀਪੀਈ ਕਰ ਕੀ ਰਹੇ ਹਨ? ਪੰਜਾਬ ਦੇ ਕਿੰਨੇ ਸਕੂਲ ਹਨ ਜੋ ਖੇਡਾਂ ਦੀਆਂ ਟੀਮਾਂ ਤਿਆਰ ਕਰਦੇ ਹਨ ਤੇ ਖੇਡ ਮੁਕਾਬਲਿਆਂ ਵਿਚ ਭਾਗ ਲੈਂਦੇ ਹਨ? ਖੇਡਾਂ ਕੇਵਲ 'ਜਿੱਤਣ' ਲਈ ਹੀ ਨਹੀਂ ਹੁੰਦੀਆਂ 'ਖੇਡਣ' ਤੇ 'ਫਿੱਟ' ਰਹਿਣ ਲਈ ਵੀ ਖੇਡੀਆਂ ਜਾਣੀਆਂ ਜ਼ਰੂਰੀ ਹਨ।

ਇਹ ਠੀਕ ਹੈ ਕਿ ਟੀਮ ਖੇਡਾਂ ਲਈ ਕਈ ਵਾਰ ਪੂਰੇ ਖਿਡਾਰੀ ਨਹੀਂ ਮਿਲਦੇ ਪਰ ਵਿਅਕਤੀਗਤ ਖੇਡਾਂ ਲਈ ਤਾਂ ਅਜਿਹੀ ਕੋਈ ਮਜਬੂਰੀ ਨਹੀਂ ਹੁੰਦੀ। ਕਿਸੇ ਨੂੰ ਅਥਲੈਟਿਕਸ, ਕਿਸੇ ਨੂੰ ਤੈਰਾਕੀ, ਕਿਸੇ ਨੂੰ ਕੁਸ਼ਤੀ, ਮੁੱਕੇਬਾਜ਼ੀ, ਕਿਸੇ ਨੂੰ ਸੂਟਿੰਗ, ਬੈਡਮਿੰਟਨ, ਟੈਨਿਸ, ਵੇਟਲਿਫਟਿੰਗ, ਗੱਲ ਕੀ ਵਿਦਿਆਰਥੀ ਦੀ ਪ੍ਰਤਿਭਾ ਤੇ ਸੌਖ ਨਾਲ ਮਿਲਣ ਵਾਲੀ ਸਹੂਲਤ ਨੂੰ ਵੇਖਦਿਆਂ ਕਿਸੇ ਵੀ ਖੇਡ ਵਿਚ ਪਾਇਆ ਜਾ ਸਕਦੈ। ਲੰਮੇ ਕੱਦ ਵਾਲਿਆਂ ਲਈ ਬਾਸਕਟਬਾਲ ਤੇ ਵਾਲੀਬਾਲ, ਮਧਰੇ ਕੱਦ ਵਾਲਿਆਂ ਲਈ ਜਿਮਨਾਸਟਿਕਸ, ਹੌਲੇ ਵਜ਼ਨ ਵਾਲਿਆਂ ਲਈ ਛਾਲਾਂ ਤੇ ਲੰਮੀਆਂ ਦੌੜਾਂ ਅਤੇ ਕੱਦਾਵਰ ਭਾਰੇ ਵਜ਼ਨ ਵਾਲਿਆਂ ਲਈ ਗੋਲਾ ਡਿਸਕਸ ਵਰਗੀਆਂ ਸੁੱਟਾਂ ਵਧੇਰੇ ਜੱਚਵੀਆਂ ਹਨ। ਕੋਸ਼ਿਸ਼ ਹੋਵੇ ਕਿ ਕਿਸੇ ਵੀ ਖੇਡ ਦੀ ਮੁੱਢਲੀ ਸਿਖਲਾਈ ਮਾਹਿਰ ਕੋਚ ਤੋਂ ਮਿਲੇ ਤਾਂ ਕਿ ਖੇਡਣ ਦੀ ਕੋਈ ਗ਼ਲਤ ਆਦਤ ਨਾ ਪੱਕੇ। ਜਦੋਂ ਕਿਸੇ ਨੂੰ ਅਜਿਹੀ ਖੇਡ ਵਿਚ ਪਾਉਂਦੇ ਹਾਂ ਜਿਸ ਅਨੁਸਾਰ ਉਹਦਾ ਜੁੱਸਾ ਹੀ ਨਹੀਂ ਹੁੰਦਾ ਤਾਂ ਉਹ ਉਸ ਖੇਡ ਦੇ ਸਿਖਰ ਉਤੇ ਨਹੀਂ ਪੁੱਜ ਸਕਦਾ। ਮੇਰਾ ਆਪਣਾ ਜੁੱਸਾ ਗੋਲਾ ਸੁੱਟਣ ਵਾਲਾ ਨਹੀਂ ਸੀ ਜਿਸ ਕਰਕੇ ਮੈਂ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਤੋਂ ਅੱਗੇ ਨਾ ਵਧ ਸਕਿਆ। ਜੇਕਰ ਜੈਵਲਿਨ ਸੁੱਟਣ ਲੱਗਦਾ ਤਾਂ ਸੰਭਵ ਸੀ ਨਤੀਜੇ ਬਿਹਤਰ ਦਿੰਦਾ। ਬੱਚੇ ਲਈ ਖੇਡ ਦੀ ਚੋਣ ਕਰਨੀ ਬੇਸ਼ਕ ਖੇਡ ਮਾਹਿਰਾਂ ਦਾ ਕੰਮ ਹੈ ਪਰ ਬੱਚੇ ਨੂੰ ਖੇਡਾਂ ਵਿਚ ਪਾਉਣਾ ਤਾਂ ਹਰ ਮਾਪੇ ਤੇ ਸਕੂਲ ਦੀ ਜ਼ਿੰਮੇਵਾਰੀ ਹੈ। ਜੇਕਰ ਮਾਪੇ ਆਪਣੇ ਬੱਚਿਆਂ ਨੂੰ ਤਕੜੇ, ਨਰੋਏ ਤੇ ਖੁਸ਼ ਵੇਖਣਾ ਚਾਹੁੰਦੇ ਹਨ, ਖੇਡਾਂ ਰਾਹੀਂ ਕਿੱਤਾਕਾਰੀ ਕੋਰਸਾਂ ਦੀਆਂ ਖਿਡਾਰੀ-ਵਿਦਿਆਰਥੀਆਂ ਵਾਲੀਆਂ ਸੀਟਾਂ ਲੈਣੀਆਂ ਲੋਚਦੇ ਹਨ, ਖੇਡਾਂ ਦੇ ਸਿਰ 'ਤੇ ਨੌਕਰੀਆਂ ਅਤੇ ਨਾਂ ਤੇ ਨਾਵਾਂ ਕਮਾਉਣਾ ਚਾਹੁੰਦੇ ਹਨ ਤਾਂ ਬੱਚਿਆਂ ਦੀ ਪੜ੍ਹਾਈ ਲਿਖਾਈ ਕਰਾਉਣ ਦੇ ਨਾਲ ਉਨ੍ਹਾਂ ਨੂੰ ਖੇਡਾਂ ਵਿਚ ਵੀ ਪਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਕਿਸੇ ਵੀ ਮੁਲਕ ਜਾਂ ਕੌਮ ਦੀ ਅਗਲੀ ਪੀੜ੍ਹੀ ਕਿਸੇ ਵੀ ਕੰਮ ਲਈ ਵਧੇਰੇ ਫਿੱਟ ਰੱਖੀ ਜਾ ਸਕਦੀ ਹੈ। ਫਿੱਟ ਜੁੱਸੇ ਨਾਲ ਦੀ ਰੀਸ ਨਹੀਂ। ਸਿਆਣਿਆਂ ਨੇ 'ਹੈਲਥ ਇਜ਼ ਵੈਲਥ' ਐਵੇਂ ਨਹੀਂ ਕਿਹਾ।

# ਜ਼ਿੰਦਗੀ ਦਾ ਅਹਿਮ ਹਿੱਸਾ ਹੈ ਪੈਸਾ, ਪਰ...



ਮੈਡਮ ਰਜਨੀ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ

ਪੈਸਾ ਸਾਡੀ ਜ਼ਿੰਦਗੀ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਸਾਡੀ ਜ਼ਿੰਦਗੀ ਦੇ ਰੋਜ਼ਾਨਾ ਦੇ ਕੰਮਕਾਜ ਪੈਸੇ ਦੀ ਸਹਾਇਤਾ ਨਾਲ ਹੀ ਹੁੰਦੇ ਹਨ। ਕੋਈ ਵੀ ਕੰਮ ਅਜਿਹਾ ਨਹੀਂ ਹੈ , ਜੋ ਪੈਸੇ - ਧਨ ਤੋਂ ਬਿਨਾਂ ਪੂਰਾ ਹੋ ਸਕਦਾ ਹੋਵੇ। ਪੈਸਾ ਹਰ ਕਿਸੇ ਲਈ ਜ਼ਿੰਦਗੀ ਵਿੱਚ ਅਹਿਮ ਰੋਲ ਰੱਖਦਾ ਹੈ। ਪੈਸੇ ਨਾਲ ਹੀ ਸਾਡਾ ਜੀਵਨ ਸੁਚਾਰੂ ਅਤੇ ਉਸਾਰੂ ਵੀ ਬਣਦਾ ਹੈ। ਹਰ ਕੋਈ ਇਨਸਾਨ ਪੈਸਾ ਕਮਾਉਣ ਲਈ ਜੀਅ - ਜਾਨ ਲਗਾ ਦਿੰਦਾ ਹੈ ਤੇ ਮਿਹਨਤ ਕਰਦਾ ਹੈ , ਪਰ ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਪੈਸਾ ਸਾਡੇ ਰਿਸ਼ਤਿਆਂ , ਸਾਡੇ ਪਰਿਵਾਰ , ਸਾਡੀ ਦੋਸਤੀ , ਸਾਡੇ ਪ੍ਰੋਗਰਾਮਾਂ ਜਾਂ ਸਾਡੇ ਵਿਹਾਰ 'ਤੇ ਹਾਵੀ ਹੋ ਜਾਂਦਾ ਹੈ। ਇਹ ਸਥਿਤੀ ਮਨੁੱਖ ਲਈ , ਸਾਡੇ ਰਿਸ਼ਤਿਆਂ ਲਈ , ਸਾਡੇ ਘਰ - ਪਰਿਵਾਰ ਲਈ ਅਤੇ ਸਾਡੇ ਸਮਾਜ ਲਈ ਸਹੀ ਨਹੀਂ ਹੁੰਦੀ। ਪੈਸਾ ਜ਼ਰੂਰਤ ਤੋਂ ਜ਼ਿਆਦਾ ਅਤੇ ਜ਼ਰੂਰਤ ਤੋਂ ਘੱਟ ਹੋਣਾ ਵੀ ਕਈ ਵਾਰ ਸਹੀ ਨਹੀਂ ਹੁੰਦਾ। ਸਾਨੂੰ ਚਾਹੀਦਾ ਹੈ ਕਿ ਜੇਕਰ ਜ਼ਰੂਰਤ ਤੋਂ ਵੱਧ ਪੈਸਾ ਹੋਵੇ



ਤਾਂ ਉਸ ਨੂੰ ਕਿਵੇਂ ਸੁਚੱਜੇ ਢੰਗ ਨਾਲ ਸਕਾਰਾਤਮਕਤਾ ਅਪਣਾਉਂਦੇ ਹੋਏ ਤੇ ਸਹੀ ਸਥਿਤੀ ਵਿੱਚ ਰਹਿੰਦੇ ਹੋਏ , ਉਸ ਦੀ ਸਹੀ ਵਰਤੋਂ ਕੀਤੀ ਜਾਵੇ , ਸਮਾਜ ਦੀ ਭਲਾਈ ਲਈ ਵਰਤੋਂ ਕੀਤੀ ਜਾਵੇ। ਬਹੁਤੇਰਾ ਪੈਸਾ ਲੜਾਈ - ਝਗੜਿਆਂ ਜਾਂ ਕਿਸੇ ਦੇ ਨੁਕਸਾਨ 'ਤੇ ਨਹੀਂ ਲੱਗਣਾ ਚਾਹੀਦਾ। ਸਗੋਂ ਜੇਕਰ ਧਨ ਜ਼ਿਆਦਾ ਹੋਵੇ ਤਾਂ ਉਹ ਪਰਉਪਕਾਰ ਅਤੇ ਮਾਨਵਤਾ ਦੀ ਭਲਾਈ ਲਈ ਲਗਾ ਦੇਣਾ ਚਾਹੀਦਾ ਹੈ। ਪੈਸੇ ਨੂੰ ਆਪਣੇ ਘਰ - ਪਰਿਵਾਰ ਜਾਂ ਆਪਣੇ ਰਿਸ਼ਤਿਆਂ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਇਹ ਵੀ ਜ਼ਰੂਰੀ ਹੈ ਕਿ ਕਿਸੇ ਨੂੰ ਪੈਸਾ ਦੇਣ ਅਤੇ ਲੈਣ ਤੋਂ ਗੁਰੇਜ਼ ਕੀਤਾ ਜਾਵੇ। ਨਹੀਂ ਤਾਂ ਇਹ ਵੀ ਸਾਡੇ ਰਿਸ਼ਤਿਆਂ 'ਤੇ ਨਕਾਰ-ਾਤਮਕ ਪ੍ਰਭਾਵ ਪਾਉਂਦਾ ਹੈ , ਲੜਾਈ - ਝਗੜੇ ਦਾ ਮੂਲ ਕਾਰਨ ਬਣ ਜਾਂਦਾ ਹੈ। ਇਸ ਲਈ ਪੈਸਾ ਲੈਣ ਅਤੇ ਦੇਣ ਤੋਂ ਕੋਰੀ ਨਾਂਹ ਦੇਣੀ ਹੀ ਸਹੀ ਹੋ ਸਕਦੀ ਹੈ। ਆਓ ! ਪੈਸੇ ਨੂੰ ਘਰ - ਪਰਿਵਾਰ ਤੇ ਸਮਾਜ ਦੀ ਖੁਸ਼ਹਾਲੀ ਲਈ ਵਰਤੀਏ। ਇਸ ਨੂੰ ਆਪਣੇ ਰਿਸ਼ਤਿਆਂ ਜਾਂ ਆਪਣੇ ਘਰ - ਪਰਿਵਾਰ ਉੱਤੇ ਹਾਵੀ ਨਾ ਹੋਣ ਦੇਈਏ।







## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com










## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

**Urgently Need New Listings in Brampton/Caledon**

visit: www.teamjagaujla.com



Call **JAG AUJLA**
MCNE, REAL ESTATE BROKER
DIR: **416-371-7777**
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**URGENTLY NEED NEW LISTINGS IN THIS AREA**

**RECENTLY LISTED/SOLD IN YOUR NEIGHBOURHOOD BY JAG AUJLA**

**HOUSE FOR LEASE IN CALEDON**
**KENNEDY/ NEW HOUSE/ DOUGALL AVE.**

- 2500-3000 sq feet ਦਾ Detached ਘਰ
- $3,700/month (4 ਬੈਂਡਰੂਮ + 1 ਡੇਨ+ 4 ਵਾਸ਼ਰੂਮ)
- ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
- 2nd ਫਲੋਰ ਤੇ 9 ਫੁੱਟ ਦੀ ਸੀਲੀਂਗ
- ਪੂਰਾ ਘਰ $4700/month with unfurnished ਬੇਸਮੇਂਟ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
- 1ਸਾਲ ਦੀ Lease, Credit Report, Full Rental App.
- First & Last month + Key Deposit

**LISTED IN BRAMPTON**
**MAYFIELD / MCLAUGHLIN**

- Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
- 3+1 ਬੈਂਡਰੂਮ + 4 ਵਾਸ਼ਰੂਮ
- 1 ਬੈਂਡਰੂਮ Legal Finished Basement with Seperate Entrance
- 9 ਫੁੱਟ ਦੀ ਸੀਲੀਂਗ
- ਸਟੈਂਡਰਡ ਓਕ ਸਟੈਅਰ ਕੇਸ
- ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
- ਗ੍ਰੇਨਾਈਟ ਕਾਊਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
- ਮਾਸਟਰ ਬੈਂਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ

**LISTED IN BRAMPTON**
**CASTLEMORE/ HUMBERWEST/AIRPORT**

- 1500-2000 sq feet ਦਾ ਘਰ
- 3+1 ਬੈਂਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
- ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
- Extended ਡਰਾਈਵਵੇਅ
- ਮਾਸਟਰ ਬੈਂਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ

**FREE**

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage
Off: 905-456-3232

Call **JAG AUJLA** DIR: **416-371-7777**
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022



# REXDALE BODY SHOP

USED CAR SALE



CHEEMA

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

LOWEST PRICE IN TOWN
Towing Service Car Paint Starts $799*upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



**Tri-City** Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777 **416.802.5866**

31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY



SOLD
$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



SOLD
$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017